Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਜੂਨ-ਨਵੰਬਰ 2020 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ !




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਸਤਿਗੁਰ ਨਾਨਕ ਪ੍ਰਗਟਿਆ



ਸ੍ਰੀ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਪਿੰਡ ਤਲਵੰਡੀ ਵਿਖੇ ਸ੍ਰੀ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਪਿੰਡ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ।

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦਾ ਸਚਿਆਰ-ਜੀਵਨ ਸੰਤ ਅਤੇ ਸਿਪਾਹੀ ਦੋਹਾਂ ਦੇ ਗੁਣਾਂ ਦਾ ਅਦਭੁਤ ਸੁਮੇਲ ਸੀ। ਆਪ ਜੀ ਨੇ 30 ਸਾਲ ਤੱਕ ਸਮੇਂ ਦੇ ਸਮਾਜ ਨੂੰ ਘੋਖਿਆ। ਬਚਪਨ ਤੋਂ ਲੈ ਕੇ 30 ਸਾਲ ਦੀ ਉਮਰ ਤੱਕ ਪੜ੍ਹਨੇ ਪੈ, ਪੱਟੀਆਂ ਲਿਖੀਆਂ, ਮੱਝੀਂ ਦੇ ਛੇੜੂ ਬਣੇ, ਵਪਾਰੀ ਬਣ ਕੇ ਸੱਚੇ ਸੌਦੇ ਕੀਤੇ, ਗ੍ਰਿਹਸਤੀ ਬਣੇ, ਦੋ ਪੁੱਤਰਾਂ ਦੇ ਪਿਓ ਬਣੇ, ਆਪਣੀ ਵੱਡੀ ਭੈਣ ਨਾਨਕੀ ਦੇ ਸਹੁਰੇ ਪਿੰਡ ਸੁਲਤਾਨਪੁਰ ਲੋਧੀ ਵਿਚ ਨਵਾਬ ਦੌਲਤ ਖਾਂ ਲੋਧੀ ਦੀ ਨੌਕਰੀ ਕਰਕੇ ਮੋਦੀਖਾਨਾ ਸੰਭਾਲਿਆ ਤੇ "ਤੇਰਾ, ਤੇਰਾ" ਦੀ ਮਸਤ ਧੁਨੀ ਲਾ ਕੇ ਗ਼ਰੀਬ-ਗ਼ੁਰਬਿਆਂ ਦੀਆਂ ਭੁੱਖਾਂ ਲਾਹੀਆਂ। ਇਥੇ ਹੀ ਨਵਾਬ, ਮੁੱਲਾ ਤੇ ਹੋਰ ਮੁਸਲਮਾਨਾਂ ਦੀ ਜਮਾਤ ਵਿਚ ਖਲੋ ਕੇ ਮਸੀਤੇ ਨਮਾਜ਼ ਪੜ੍ਹੀ ਤੇ ਨਵਾਬ ਤੇ ਮੁੱਲਾ ਦੇ ਨਿਮਾਜ਼ ਪੜ੍ਹਦਿਆਂ ਭਟਕਦੇ ਮਨਾਂ ਦੀ ਦਸ਼ਾ ਦੱਸ ਕੇ ਕਿਹਾ 'ਜੇ ਮਨ ਹੋਰ ਥਾਂ ਭਟਕਦਾ ਰਹੇ ਤਾਂ ਸਿਜਦੇ ਕਰਨ ਤੇ ਨਿਮਾਜ਼ਾਂ ਪੜ੍ਹਨ ਦਾ ਕੀ ਲਾਭ?'

ਪੰਜਾਬ ਤੇ ਉੱਤਰੀ ਭਾਰਤ ਵਿਚ ਜੋਗੀਆਂ ਦਾ ਬੜਾ ਜ਼ੋਰ ਸੀ, ਥਾਂ-ਥਾਂ ਉਨ੍ਹਾਂ ਦੇ ਟਿਕਾਣੇ ਜਾਂ ਡੇਰੇ ਸਨ ਤੇ ਲੱਖਾਂ ਲੋਕ ਉਹਨਾਂ ਦੇ ਸ਼ਰਧਾਲੂ ਸਨ। 'ਜਪੁ' ਜੀ ਸਾਹਿਬ ਵਿਚ ਵੀ ਉਨ੍ਹਾਂ ਜੋਗੀਆਂ ਤੇ ਸਿੱਧਾਂ-ਸਾਧਾਂ ਨੂੰ ਮੱਤ ਦੇਣ ਲਈ ਚਾਰ ਪਉੜੀਆਂ ਲਿਖੀਆਂ ਹਨ।

ਉਸ ਵੇਲੇ ਮੁਸਲਮਾਨਾਂ ਦਾ ਰਾਜ ਸੀ। ਮੁਸਲਮਾਨ ਹਾਕਮ ਮਜ੍ਹਬੀ ਤੁਅੱਸਬ ਤੇ ਰਾਜਸੀ ਤਾਕਤ ਨਾਲ ਅੰਨ੍ਹੇ ਹੋਏ ਹੋਏ ਸਨ। ਹਿੰਦੂ ਹਰ ਤਰ੍ਹਾਂ ਦੀ 'ਜ਼ਲਾਲਤ' ਤੇ ਨਿਰਾਦਰੀ ਸਹਾਰ ਕੇ ਡੰਗ-ਟਪਾਈ ਕਰ ਰਹੇ ਸਨ। ਲੁਕ-ਛੁਪ ਕੇ, ਸਲਾਮ ਦੁਆ ਕਰਕੇ ਗੁਜ਼ਾਰਾ ਕਰਨ ਵਾਲਾ ਹਿੰਦੂ ਗ਼ੁਲਾਮ, ਕਿਸੇ ਮੁੱਲਾਂ-ਮੌਲਾਣੇ, ਕਾਜ਼ੀ, ਅਮੀਰ, ਵਜ਼ੀਰ, ਹਾਕਮ ਦੀ ਤਾਂ ਗੱਲ ਹੀ ਛੱਡੋ, ਸਾਧਾਰਨ ਮੁਸਲਮਾਨ ਨੂੰ ਵੀ ਕਿਸੇ ਤਰ੍ਹਾਂ ਸੱਚੀ ਗੱਲ ਸੁਣਾ ਨਹੀਂ ਸਕਦਾ ਸੀ। ਸੱਚ ਕਹਿੰਦਾ ਵੀ ਕਿਵੇਂ? ਹਿੰਦੂ ਤਾਂ ਖੁਦ ਹਰ ਅਮਲੀ ਜੀਵਨ ਤੇ ਉੱਚੇ ਇਨਸਾਨੀ ਆਦਰਸ਼ਾਂ ਨੂੰ ਭੁੱਲ ਕੇ ਕਰਮ-ਕਾਂਡ, ਜੰਤਰਾਂ-ਮੰਤਰਾਂ ਤੇ ਹੋਰ ਅਨੇਕ ਵਹਿਮਾਂ-ਭਰਮਾਂ ਦੇ ਹੱਥ ਵਿਚ ਬੇਜਾਨ ਖਿਡੌਣਾ ਬਣ ਚੁੱਕਿਆ ਸੀ। ਗੁਰੂ ਨਾਨਕ ਦੇਵ ਜੀ ਵਰਗਾ ਸਿਪਾਹੀ ਭਲਾ ਸੱਚ ਬੋਲਣ ਤੋਂ ਕਿਵੇਂ ਰਹਿ ਸਕਦਾ ਸੀ?

ਗੁਰੂ ਸਾਹਿਬ ਮਨੁੱਖਤਾ ਨੂੰ ਬੜੀ ਮਹਾਨ ਸਿੱਖਿਆ ਦੇਂਦੇ ਹਨ ਕਿ ਜੇ ਕੋਈ ਕਮਾਈ ਅਯੋਗ ਜਾਂ ਇਨਸਾਨੀਅਤ ਤੋਂ ਗਿਰੇ ਹੋਏ ਸਾਧਨਾਂ ਦੇ ਨਾਲ ਪ੍ਰਾਪਤ ਕੀਤੀ ਜਾਏ ਤਾਂ ਉਹ ਮਸੀਤ, ਗੁਰਦੁਆਰੇ ਜਾਂ ਮੰਦਰ ਨੂੰ ਭੇਟਾ ਕੀਤਿਆਂ ਕੋਈ ਪਵਿੱਤਰ ਨਹੀਂ ਹੋ ਜਾਂਦੀ, ਆਪਣੀ ਨੇਕ ਕਮਾਈ ਨਾਲ ਹੀ ਪਾਰ ਲੰਘੀਦਾ ਹੈ।

ਗੁਰੂ ਸਾਹਿਬ ਨੇ ਮਲਕ ਭਾਗੋ ਜਿਹੇ ਵਿਹਲੜਾਂ ਦੀ ਬਜਾਏ ਭਾਈ ਲਾਲੋ ਜਿਹੇ ਕਿਰਤੀਆਂ ਕੋਲ ਰਹੇ ਅਤੇ ਸਾਦਾ ਭੋਜਨ ਛਕਣਾ ਪਸੰਦ ਕੀਤਾ। ਗੁਰੂ ਸਾਹਿਬ ਨੇ ਨਿਡਰ ਤੇ ਸੱਚੇ ਸੰਤ-ਸਿਪਾਹੀ ਦੀ ਹੈਸੀਅਤ ਵਿਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ, ਵਹਿਮਾਂ ਤੇ ਵਿਕਾਰਾਂ ਦੀ ਵਿਰੋਧਤਾ ਕੀਤੀ ਤੇ ਹਰ ਪ੍ਰਕਾਰ ਦੇ ਕਿੱਤੇ ਦੇ ਮਨੁੱਖਾਂ ਨੂੰ ਸਿੱਖਿਆ ਦਿੱਤੀ। ਉਹਨਾਂ ਸ਼ੇਖ ਬ੍ਰਹਮ ਵਰਗੇ ਆਲਮਾਂ, ਵਲੀ ਕੰਧਾਰੀ ਵਰਗੇ ਮੁਸਲਮਾਨ ਆਬਿਦਾਂ (ਪੀਰਾਂ), ਵਿਦਵਾਨ ਪੰਡਤਾਂ, ਪਾਂਧਿਆਂ ਤੇ ਦੁਨੀਆਂ ਨੂੰ ਛੱਡ ਕੇ ਨੱਸੇ ਹੋਏ ਜੋਗੀਆਂ, ਜੰਗਮਾਂ, ਨਾਥਾਂ, ਸਿੱਧਾਂ, ਸਾਧਾਂ ਨੂੰ ਮਿਲੇ ਅਤੇ ਖੁਲ੍ਹ-ਡੁਲ੍ਹ ਕੇ ਵੀਚਾਰ-ਵਟਾਂਦਰਾ ਵੀ ਕੀਤਾ, ਪਰ ਸਭ ਨੂੰ ਭਗਤੀ ਤੇ ਇਲਮ ਜਾਂ ਗਿਆਨ ਦੇ ਮਾਣ ਤੇ ਹੰਕਾਰ ਵਿਚ ਡੁੱਬਾ ਪਰ ਨਿਮਰਤਾ ਤੇ ਮਨੁੱਖੀ ਪਿਆਰ ਤੋਂ ਖਾਲੀ ਹੁੰਦਿਆਂ ਹੋਇਆਂ, ਨਜਾਤ ਜਾਂ ਮੁਕਤੀ ਪ੍ਰਾਪਤ ਕਰਨ ਦੇ ਦਾਅਵੇਦਾਰ ਵੇਖਿਆ।

ਗੁਰੂ ਨਾਨਕ ਦੇਵ ਜੀ ਬਾਹਰੋਂ ਸੰਤ ਰੂਪ ਵਿਚ ਹੋਣ ਦੇ ਬਾਵਜੂਦ ਮਾਨਸਿਕ ਤੌਰ 'ਤੇ ਬੇਮਿਸਾਲ ਬਹਾਦਰ ਸਿਪਾਹੀ ਸਨ ਤੇ ਹਮੇਸ਼ਾ ਦੇਸ਼ ਪਿਆਰ, ਮਨੁੱਖੀ ਏਕਤਾ ਲਈ ਫੋਕੇ ਕਰਮਕਾਂਡਾਂ, ਇਸਲਾਮੀ ਤੁਅੱਸਬ, ਹਿੰਦੂ ਜਾਤ-ਪਾਤ ਤੇ ਛੂਤ-ਛਾਤ, ਝੂਠ ਤੇ ਪਾਖੰਡ, ਮਜ੍ਹਬੀ, ਆਰਥਕ ਅਤੇ ਰਾਜਸੀ ਵਿਤਕਰੇ ਤੇ ਧੱਕੇ ਦੇ ਵਿਰੁੱਧ ਸਾਰੀ ਉਮਰ ਲੜਦੇ ਰਹੇ।

ਮਨੁੱਖਤਾ ਦੇ ਭਲੇ ਦੇ ਹਰ ਆਦਰਸ਼ ਲਈ ਹੱਸ ਕੇ ਹਰ ਕਿਸਮ ਦੀ ਕੁਰਬਾਨੀ ਦੇਣੀ ਹੈ ਅਤੇ ਬਿਨਾਂ ਕਿਸੇ ਪਾਖੰਡ ਜਾਂ ਪਾਜ ਤੋਂ ਕੇਵਲ ਇਕੋ ਵਾਹਿਗੁਰੂ ਦੀ ਯਾਦ ਵਿਚ ਜੀਵਨ ਬਿਤਾਣਾ ਹੈ। ਇਹ ਹੀ ਗੁਰੂ ਨਾਨਕ ਸਾਹਿਬ ਜੀ ਦੀ ਮਨੁੱਖਤਾ ਨੂੰ ਦਿੱਤੀ ਹੋਈ ਜੀਵਨ-ਜਾਂਚ ਹੈ।

ਪ੍ਰੀਤਮ ਸਿੰਘ ਨਾਰੰਗਪੁਰ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ


**Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Addl. Chief Editor**
Er. Harbhajan SINGH
Dy. Chief Engineer (Retd.)
(Addl. Chief Editor)
M.: 98140-62091

Er. Gurcharan Singh
ARO (Retd.)
(Addl. Chief Editor
M.: 98140-17067

**Editor**
**Engineer Parminderjit Singh**
524, GMT Jalandhar
singh_parminderjit@yahoo.com
M.: 99153-57524

**Co-Editor**
S. Surinder Singh Ruby ETO (Retd.)
16-SF, Guru Gobind Singh Avenue, Jalandhar-9
E-mail:ruby.surinder57@gmail.com
M.: 98141-28181

**Advisors**
Er. Kulbir Singh Sujlana S.E. (Retd.)
M.: 98725-13970
S. Naginder Singh, Session Judge (Retd.)
Legal Advisor M.: 97800-36205
Kashmir Singh Multani Maqsudan
M.: 98150-01412
Sdn. Harpreet Kaur Pelia
M.: 98763-58250



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਜਨਵਰੀ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਪੋਹ) 15-12-2020 (ਮੰਗਲਵਾਰ)
ਸੰਗਰਾਂਦ - (੧ ਮਾਘ) 14-01-2021 (ਵੀਰਵਾਰ)
ਪੂਰਨਮਾਸ਼ੀ - (੩੦ ਪੋਹ) 16-12-2020 (ਬੁੱਧਵਾਰ)
ਮੱਸਿਆ - (੩੦ ਮੱਘਰ) 14-12-2020 (ਸੋਮਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 98 | ਜੂਨ-ਨਵੰਬਰ - 2020



1. ਸ੍ਰੀ ਗੁਰੂ ਨਾਨਕ ਦੇਵ ਜੀ 4
2. 15 ਭਗਤ ਸਾਹਿਬਾਨ ਜੀ ਦਾ ਸੰਖੇਪ ਵੇਰਵਾ 6
3. ਗਿਆਨ ਸਾਗਰ ਦੇ ਸੁੱਚੇ ਮੋਤੀ 10
4. General Secretary's Report on Activities of Baba Makhan Shah Lobana Foundation (Regd.) Sector-30A, Chandigarh 11
5. ਜਗੀਰ ਸਿੰਘ ਲਾਲੀਆ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੂੰ ਕਾਰਜਕਾਰੀ ਮੈਂਬਰ ਤੋਂ ਬਰਖਾਸਤ ਕਰਨ ਸੰਬੰਧੀ ਰਿਪੋਰਟ 16
6. Water and Potable Water 19
7. ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ 21
8. ਬੀਬੀ ਜਗੀਰ ਕੌਰ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਨਣ ਤੇ ਵਧਾਈਆਂ 22
9. ਘਰ ਦਾ ਪਿਆਰ 23
10. ਅੱਲ੍ਹੜ ਜਵਾਨੀਆਂ ਨੂੰ ਹੜੱਪ ਰਿਹਾ ਹੈ ਸਮੈਕ ਰੂਪੀ ਦੈਂਤ 26
11. ਫੁੱਲ ਅਤੇ ਰੁੱਖ 28
12. ਆਓ ਜਾਣੀਏ! 30
13. ਸ਼ੋਕ ਸਮਾਚਾਰ 31
14. ਇਕ ਮੁਸਲਿਮ ਹਾਈ ਸਕੂਲ 33
15. ਕਾਵਿ-ਕਿਆਰੀ / ਸ਼ਬਦਾਂ ਦੇ ਸੰਜੋਗ 35
16. Matrimonial 36
17. ਦਾਨੀ ਸੱਜਣਾਂ ਦੀ ਸੂਚੀ 39



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ੍ਰੀ ਗੁਰੂ ਨਾਨਕ ਦੇਵ ਜੀ

ਇੰਜੀਨੀਅਰ
ਪਰਮਿੰਦਰਜੀਤ ਸਿੰਘ
ਸੰਪਾਦਕ
99153-57524

ਸ੍ਰੀ ਗੁਰੂ ਨਾਨਕ ਦੇਵ ਜੀ ਉੱਚ ਪਾਏ ਦੇ ਦਾਰਸ਼ਨਕ, ਸਮਾਜ ਸੁਧਾਰਕ, ਧਾਰਮਕ ਅਤੇ ਰਾਜਨੀਤਕ ਨੀਤੀਵੇਤਾ, ਅਰਥ ਵਿਗਿਆਨੀ, ਕੁਦਰਤ ਦੇ ਭੇਦਾਂ ਦੇ ਗਿਆਤਾ, ਮਹਾਨ ਸਾਹਿਤਕਾਰ, ਕਵੀ, ਲਿਖਾਰੀ, ਖੰਡਾਂ, ਬ੍ਰਹਿਮੰਡਾਂ, ਧਰਤੀ, ਅਕਾਸ਼, ਪਉਣ-ਪਾਣੀ, ਚੰਦ, ਸੂਰਜ, ਤਾਰਾ-ਮੰਡਲ ਦੇ ਵਿਗਿਆਨ ਦੀ ਸੋਝੀ ਰੱਖਣ ਵਾਲੇ ਅਤੇ ਅਧਿਆਤਮਵਾਦੀ ਮਹਾਂ-ਪੁਰਸ਼ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਦੀ ਅਰੰਭਤਾ ੴ ਤੋਂ ਕੀਤੀ। ਏਕਾ ਨਾਂ ਦਿੱਤਾ। ਸਦਾ ਲਈ ਦੂਈ-ਦਵੈਤ, ਜਾਤ-ਪਾਤ, ਹਰ ਕਿਸਮ ਦਾ ਵਿਤਕਰਾ ਖਤਮ ਕਰ ਦਿੱਤਾ।

**'ਧੰਨ ਲਿਖਾਰੀ ਨਾਨਕਾ, ਜਿਨ ਨਾਮ ਲਿਖਾਇਆ ਸੱਚ।'** ਦੇ ਮਹਾਂ-ਵਾਕ ਅਨੁਸਾਰ ਉਨ੍ਹਾਂ ਦੀ ਲਿਖਤ ਦਾ ਕੋਈ ਜਵਾਬ ਨਹੀਂ, ਉਨ੍ਹਾਂ ਦੀ ਵਿਗਿਆਨਕ ਸੂਝ-ਸਿਆਣਪ ਅਤੇ ਸੋਚ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਉਨ੍ਹਾਂ ਦੀ ਰਚੀ ਬਾਣੀ ਵਿਚ ਬਿਰਾਜਮਾਨ ਹਨ। ਜਪੁਜੀ ਸਾਹਿਬ ਵਿਚ ਬਹੁਤ ਸਾਰੀਆਂ ਪੌੜੀਆਂ ਵਿਚ ਵਿਗਿਆਨਕ ਤੱਥ ਮਿਲਦੇ ਹਨ। ਜਪੁਜੀ ਸਾਹਿਬ ਦੀ ਬਾਣੀ ਨੂੰ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਦਾਰਸ਼ਨਿਕਤਾ ਦਾ ਆਧਾਰ ਮੰਨਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਸੱਚ ਸਭ ਤੋਂ ਉੱਪਰ ਹੈ, ਪਰ ਸੱਚ ਤੋਂ ਵੀ ਉੱਪਰ ਇਕ ਚੀਜ਼ ਹੈ, ਉਹ ਹੈ ਆਚਾਰ-ਵਿਹਾਰ। ਜੇ ਵਿਅਕਤੀ ਦਾ ਆਪਣਾ ਆਚਰਨ, ਆਚਾਰ-ਵਿਹਾਰ ਠੀਕ ਨਹੀਂ ਤਾਂ ਫਿਰ ਉਹ ਸਮਾਜ ਦਾ ਸੁਧਾਰ ਨਹੀਂ ਕਰ ਸਕਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਧਰਮ ਨੂੰ ਸਹੀ ਅਰਥਾਂ ਵਿਚ ਧਾਰਨ ਕਰਨ ਲਈ ਆਖਦੇ ਹਨ। ਛੋਟੀ ਉਮਰੇ ਪਾਂਧੇ ਨੂੰ ਜਨੇਊ ਪਾਉਣ ਤੋਂ ਰੋਕਦੇ ਹਨ।

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤਾਂ ਪਾਡੇ ਘਤੁ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 471)

ਗੁਰੂ ਜੀ ਸਮਾਜ ਵਿਚ ਪ੍ਰਚਲਿਤ ਬੁਰਾਈਆਂ ਦਾ ਡਟ ਕੇ ਵਿਰੋਧ ਕਰਦੇ ਹਨ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**


(**ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 473)

ਆਪ ਨੇ ਔਰਤਾਂ ਨੂੰ ਸਤਿਕਾਰ ਦਿੱਤਾ ਹੈ। ਅੱਜ ਦੇ ਸਮੇਂ ਵਿਚ ਜਦੋਂ ਵਾਤਾਵਰਨ ਦਾ ਮੁੱਦਾ ਅਹਿਮ ਮੁੱਦਾ ਬਣ ਚੁੱਕਾ ਹੈ ਤਾਂ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੇ ਸ਼ਬਦ ਯਾਦ ਆਉਂਦੇ ਹਨ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** 8)

ਜੇ ਲੋਕ ਸੱਚਮੁੱਚ ਹੀ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇਣ ਲੱਗ ਜਾਣ ਤਾਂ ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਦੀ ਸਮੱਸਿਆ ਖਤਮ ਹੋ ਜਾਵੇਗੀ।



ਗੁਰੂ ਜੀ ਆਪਣੇ ਜੀਵਨ ਕਾਲ ਵਿਚ ਨੇ ਬਹੁਤ ਪੈਦਲ ਯਾਤਰਾ ਕੀਤੀ, ਕੀ ਪਹਾੜ, ਕੀ ਮੈਦਾਨ, ਕੀ ਦਰਿਆ, ਘਾਟੀਆਂ, ਗੁਫਾਵਾਂ ਵਿਚ ਕਦੀ ਠਹਿਰੇ, ਕਦੀ ਦਰਿਆ ਪਾਰ ਕੀਤੇ, ਕਦੀ ਪਹਾੜਾਂ 'ਤੇ ਚੜ੍ਹੇ, ਇਨ੍ਹਾਂ ਦੀਆਂ ਟੀਸੀਆਂ ਨੂੰ ਛੋਹਿਆ ਤਾਂ ਕਿਤੇ ਉਪਰੋਕਤ ਸ਼ਬਦ ਉਚਾਰਿਆ।

ਫਿਰ ਬ੍ਰਹਿਮੰਡ ਦੇ ਫੈਲਾਓ ਬਾਰੇ ਲਿਖਿਆ ਹੈ-

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 7)

ਭਾਵ ਆਕਾਸ਼ ਵਿਚ ਬੇਗਿਣਤ ਚੰਦ ਹਨ। ਕਿੰਨੇ ਸੂਰਜ ਹਨ, ਕਿੰਨੇ ਹੀ ਹੋਰ ਤਾਰਿਆਂ ਦੇ ਝੁੰਡ ਅਤੇ ਮੰਡਲ ਦੇਸ ਹਨ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਆਕਾਸ਼ ਉੱਪਰ ਹੋਰ ਲੱਖਾਂ ਆਕਾਸ਼ ਹਨ। ਇਸੇ ਤਰ੍ਹਾਂ ਧਰਤੀ ਹੇਠਾਂ ਇਕ ਪਾਤਾਲ ਨਹੀਂ, ਅਨੇਕਾਂ ਪਾਤਾਲ ਹਨ। ਅੱਗੇ ਫਿਰ ਗੁਰੂ ਜੀ ਨੇ ਧਰਤੀ ਬਾਰੇ ਲਿਖਿਆ ਹੈ -

**ਧਰਤੀ ਹੋਰੁ ਪਰੈ ਹੋਰੁ ਹੋਰੁ ॥**
**ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ** 3)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ਾਂ-ਦੇਸ਼ਾਂਤਰਾਂ ਵਿਚ ਘੁੰਮ ਕੇ ਸੱਚ ਦਾ ਪ੍ਰਚਾਰ ਕੀਤਾ। ਸਿੱਧਾਂ ਨਾਲ ਗੋਸ਼ਟ ਕੀਤੀ, ਪੰਡਿਤਾਂ, ਮੁਲਾਂ-ਮੁਲਾਣਿਆਂ ਨਾਲ ਚਰਚਾ ਕੀਤੀ। ਭਾਈ ਲਾਲੋ ਦੀ ਕਿਰਤ ਨੂੰ ਵਡਿਆਇਆ, ਵਲੀ ਕੰਧਾਰੀ, ਕੌਡੇ ਰਾਕਸ਼, ਸੱਜਣ ਠੱਗ, ਭੂਮਿਆ ਚੋਰ ਵਰਗਿਆਂ ਦੇ ਜੀਵਨ

ਨੂੰ ਸੁਧਾਰਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਰਾਹੀਂ ਜੋ ਸਿਧਾਂਤ ਮਨੁੱਖਤਾ ਨੂੰ ਦਿੱਤੇ, ਪਹਿਲਾਂ ਆਪ ਉਨ੍ਹਾਂ ਸਿਧਾਂਤਾਂ ’ਤੇ ਪਹਿਰਾ ਦਿੱਤਾ। ਕਿਰਤ ਦੇ ਸਿਧਾਂਤ ਨੂੰ ਪ੍ਰਮੁੱਖਤਾ ਦਿੱਤੀ। ਵਡੇਰੀ ਉਮਰ ਵਿਚ ਵੀ ਆਪ ਹਲ ਵਾਹ ਕੇ ਇਹ ਦ੍ਰਿੜ ਕਰਵਾਇਆ ਕਿ ਵਿਅਕਤੀ ਨੂੰ ਆਖਰੀ ਦਮ ਤੱਕ ਕਿਰਤ ਕਰਦੇ ਰਹਿਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਅਕਤੀ ਦੇ ਆਚਾਰ ਵਿਹਾਰ ’ਤੇ ਬਹੁਤ ਬਲ ਦਿੱਤਾ।

ਕਰਤਾਰਪੁਰ ਸਾਹਿਬ ਸਿੱਖੀ ਦਾ ਸਭ ਤੋਂ ਪਹਿਲਾ ਸਥਾਨ ਹੈ। ਜਿਸ ਦੀ ਗੁਰੂ ਨਾਨਕ ਪਾਤਸ਼ਾਹ ਨੇ ਬਕਾਇਦਾ ਆਪ ਮੋਹੜੀ ਗੱਡ ਕੇ ਮਿਤੀ 13 ਮਾਘ ਸੰਮਤ 1572 ਨੂੰ ਕਰਤਾਰਪੁਰ ਦੀ ਨੀਂਹ ਰੱਖੀ ਸੀ। ਇਥੇ ਗੁਰੂ ਨਾਨਕ ਸਾਹਿਬ 18 ਸਾਲ ਰਹੇ। ਇਥੇ ਹੀ ਗੁਰੂ ਨਾਨਕ ਪਾਤਸ਼ਾਹ ਨੇ ਸਿੱਖ ਧਰਮ ਦੀ ਅਸਲੀ ਜੀਵਨ ਜਾਂਚ-ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਕੇ ਛੱਕਣ ਦੇ ਉਪਦੇਸ਼ ਨਾਲ ਮਨੁੱਖਾਂ ਜੀਵਨ ਸਫਲਾ ਕਰਨ ਦਾ ਰਾਹ ਦਰਸਾਇਆ ਸੀ।

ਕਰਤਾਰਪੁਰ ਦੀ ਧਰਤੀ ਤੇ ਪਹਿਲੀ ਵਾਰ ਸਭ ਨੂੰ ਇਕ ਪੰਗਤ ਵਿਚ ਬਿਠਾ ਕੇ ਲੰਗਰ ਛਕਾ ਕੇ ਊਚ-ਨੀਚ, ਜਾਤ-ਪਾਤ ਦਾ ਭਰਮ ਮਿਟਾਇਆ ਸੀ। ਉਨ੍ਹਾਂ ਦੱਸਿਆ ਕਿ ਕਿਵੇਂ ਸੱਚ ਨੂੰ ਜੀਵਨ ਵਿਚ ਢਾਲ ਕੇ ਭਾਣਾ ਮੰਨਦਿਆਂ ਹੋਇਆ ਕਰਤਾਰ ਨੂੰ ਆਪਣੇ ਅੰਗ-ਸੰਗ, ਅਨੁਭਵ ਕਰਨਾ ਹੁੰਦਾ ਹੈ। ਧਰਮ ਦੇ ਮਾਰਗ ਤੇ, ਵਿਖਾਵੇ ਤੇ ਕਰਮਕਾਂਡ ਵਿਅਰਥ ਹਨ। ਪ੍ਰਾਣੀ ਮਾਤਰ ਫਿਰ ਖੁਸ਼ੀ, ਗ਼ਮ ਤੇ ਡਰ ਤੋਂ ਉੱਪਰ ਉੱਠ ਚੜ੍ਹਦੀ ਕਲਾ ਤੇ ਅਨੰਦ ਵਾਲਾ ਜੀਵਨ ਜਿਊਂਦਾ ਹੈ। ਕਰਤਾਰਪੁਰ ਰਾਵੀ ਦਰਿਆ ਦੇ ਕਿਨਾਰੇ (ਪਾਕਿ-ਭਾਰਤ) ਸਰਹੱਦ ਤੋਂ 4 ਕਿਲੋਮੀਟਰ ਦੂਰ ਜ਼ਿਲ੍ਹਾ ਨਾਰੋਵਾਲ (ਪਾਕਿਸਤਾਨ) ਰਾਵੀ ਦੇ ਪਰਲੇ ਕਿਨਾਰੇ ਤੇ ਸਥਿਤ ਹੈ। ਸਾਹਮਣੇ ਕਸਬਾ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ (ਭਾਰਤ) ਹੈ। ਡੇਰਾ ਬਾਬਾ ਨਾਨਕ-ਅੰਮ੍ਰਿਤਸਰ ਤੋਂ 54 ਕਿਲੋਮੀਟਰ, ਬਟਾਲੇ ਤੋਂ 35 ਤੇ ਗੁਰਦਾਸਪੁਰ ਸ਼ਹਿਰ ਤੋਂ 39 ਕਿਲੋਮੀਟਰ ਹੈ। ਪਾਕਿਸਤਾਨ ਵਿਚ ਨਨਕਾਣਾ ਸਾਹਿਬ ਤੋਂ 180 ਕਿਲੋਮੀਟਰ ਤੇ ਲਾਹੌਰ ਤੋਂ 117 ਕਿਲੋਮੀਟਰ ਦੀ ਦੂਰੀ ਤੇ ਹੈ।

ਆਪਣੀ ਗੱਦੀ ਤੇ ਦੂਸਰੀ ਪਾਤਸ਼ਾਹੀ ਨੂੰ ਬਿਰਾਜਮਾਨ ਕਰਕੇ 2 ਸਿਤੰਬਰ 1539 ਨੂੰ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਪ੍ਰਮਾਤਮਾ ਵਿੱਚ ਲੀਨ ਹੋ ਗਏ।



**ਜਿਓਂ ਜਲ ਮੇ ਜਲ ਆਇ ਖਟਾਨਾ ਤਿਉ ਜੋਤੀ ਸੰਗ ਜੋਤ ਸਮਾਨਾ।**

ਜੇ ਮਨੁੱਖਤਾ ਨੂੰ ਦੁੱਖਾਂ ਦਰਦਾਂ ਤੋਂ ਬਚਾਉਣਾ ਹੈ ਤਾਂ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ - ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ’ਤੇ ਪਹਿਰਾ ਦੇਣਾ ਪਵੇਗਾ। ਇਸੇ ਵਿਚ ਹੀ ਸਾਰੇ ਸੰਸਾਰ ਦਾ ਕਲਿਆਣ ਹੈ।

ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ’ਤੇ ਅਮਲ ਕਰਦੇ ਹੋਏ, ਆਪਣੇ ਜੀਵਨ ਨੂੰ ਸਵਾਰੀਏ, ਆਪਣੇ ਧਰਮ, ਬੋਲੀ ਅਤੇ ਸੱਭਿਆਚਾਰ ਦੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਸੇਵਾ ਕਰੀਏ। ਨੌਜਵਾਨਾਂ ਨੂੰ ਨਸ਼ਿਆਂ ਵੱਲੋਂ ਰੋਕ ਕੇ ਸੱਚੀ-ਸੁੱਚੀ ਕਿਰਤ ਕਰਨ ਅਤੇ ਗੁਰਬਾਣੀ ਦੇ ਨਿੱਤਨੇਮ ਨਾਲ ਜੁੜਨ ਲਈ ਪ੍ਰੇਰੀਏ, ਵੱਧ ਤੋਂ ਵੱਧ ਰੁੱਖ ਲਗਾਈਏ, ਪਦਾਰਥਵਾਦੀ ਸੋਚ ਨੂੰ ਛੱਡੀਏ, ਇਸੇ ਵਿਚ ਹੀ ਸਰਬੱਤ ਦਾ ਭਲਾ ਹੈ ਅਤੇ ਇਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਹੈ।

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਣਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।


**- ਸੰਪਾਦਕ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ

# 15 ਭਗਤ ਸਾਹਿਬਾਨ ਜੀ ਦਾ ਸੰਖੇਪ ਵੇਰਵਾ

## (1) ਬਾਬਾ ਫ਼ਰੀਦ ਜੀ

ਚਿਸ਼ਤੀ ਸਿਲਸਿਲੇ ਦੇ ਪ੍ਰਮੁੱਖ ਬਾਬਾ ਫ਼ਰੀਦ ਜੀ ਦਾ ਜਨਮ 1173 ਈ. ਨੂੰ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿਚ ਸ਼ੇਖ ਜਮਾਲੂਦੀਨ ਸੁਲੇਮਾਨ ਦੇ ਘਰ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਮਰੀਅਮ ਸੀ। ਆਪ ਦਾ ਪਰਿਵਾਰਿਕ ਪਿਛੋਕੜ ਗ਼ਜ਼ਨੀ ਦੇ ਇਲਾਕੇ ਨਾਲ ਜੁੜਦਾ ਹੈ। ਪਰ ਨਿੱਤ ਦੀ ਬਦਅਮਨੀ ਕਾਰਣ ਆਪ ਦੇ ਵਡੇਰੇ ਮੁਲਤਾਨ ਦੇ ਇਸ ਪਿੰਡ ਵਿਚ ਆਣ ਵੱਸੇ ਸਨ। ਬਾਬਾ ਫ਼ਰੀਦ ਉਪਰ ਇਸਲਾਮੀ ਰੰਗਤ ਲਿਆਉਣ ਵਿਚ ਸਭ ਤੋਂ ਵੱਡਾ ਯੋਗਦਾਨ ਆਪ ਦੀ ਮਾਤਾ ਦਾ ਸੀ। ਇਹ ਲਿਵਲੀਨਤਾ ਐਨੀ ਪ੍ਰਬਲ ਹੋਈ ਕਿ ਸੋਲ੍ਹਾਂ ਸਾਲ ਦੀ ਉਮਰ ਤੱਕ ਆਪ ਨੇ ਹੱਜ ਦੀ ਰਸਮ ਸੰਪੂਰਨ ਕਰ ਹਾਜੀ ਦੀ ਪਦਵੀ ਵੀ ਹਾਸਲ ਕਰ ਲਈ ਅਤੇ ਸਮੁੱਚਾ ਕੁਰਆਨ ਜ਼ੁਬਾਨੀ ਯਾਦ ਕਰ ਆਪ ਹਾਫ਼ਿਜ਼ ਵੀ ਬਣ ਗਏ।



ਇਤਿਹਾਸ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਆਪ ਜੀ ਦੀਆਂ ਤਿੰਨ ਸ਼ਾਦੀਆਂ ਹੋਈਆਂ ਅਤੇ ਆਪ ਦੇ ਘਰ ਨੌਂ ਬੱਚੇ ਪੈਦਾ ਹੋਏ। ਆਪ ਦੀ ਵੱਡੀ ਪਤਨੀ ਹਿੰਦੋਸਤਾਨ ਦੇ ਬਾਦਸ਼ਾਹ ਬਲਬਨ ਦੀ ਬੇਟੀ ਸੀ, ਜਿਸ ਨੇ ਹਰ ਤਰ੍ਹਾਂ ਦੇ ਸੁੱਖ-ਆਰਾਮ ਦਾ ਤਿਆਗ ਕਰ ਸਾਰੀ ਉਮਰ ਫ਼ਕੀਰ ਵੇਸ ਵਿਚ ਬਤੀਤ ਕਰ ਦਿੱਤੀ।

ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਖਵਾਜਾ ਕੁਤਬਦੀਨ ਕਾਕੀ ਆਪ ਜੀ ਦੇ ਮੁਰਸ਼ਿਦ ਸਨ। ਇਹਨਾਂ ਦੀ ਮੌਤ ਦੇ ਬਾਅਦ ਬਾਬਾ ਫ਼ਰੀਦ ਜੀ ਨੂੰ ਮੁਖੀ ਥਾਪ ਦਿੱਤਾ ਗਿਆ। ਆਪ ਨੇ ਆਪਣਾ ਟਿਕਾਣਾ ਪਾਕਪਟਨ ਬਣਾ ਲਿਆ। ਇਥੇ ਹੀ 1265 ਈ. ਵਿਚ ਆਪ ਦਾ ਦੇਹਾਂਤ ਹੋ ਗਿਆ ਅਤੇ ਆਪ ਦੇ ਸ਼ਿਸ਼ ਹਜ਼ਰਤ ਨਿਜ਼ਾਮੁਦੀਨ ਔਲੀਆ ਜੋ ਬਾਅਦ ਵਿਚ ਇਹਨਾਂ ਦੇ ਗੱਦੀ-ਨਸ਼ੀਨ ਹੋਏ, ਨੇ ਆਪ ਜੀ ਦੀ ਕਬਰ 'ਤੇ ਇਕ ਆਲੀਸ਼ਾਨ ਮਕਬਰਾ ਤਾਮੀਰ ਕਰਵਾਇਆ।


ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਜਦੋਂ ਆਪਣੀਆਂ ਉਦਾਸੀਆਂ ਦਰਮਿਆਨ ਪੱਛਮ ਵੱਲ ਗਏ ਤਾਂ ਆਪ ਜੀ ਨੇ ਉਸ ਵੇਲੇ ਦੇ ਸ਼ੇਖ਼ ਫਰੀਦ ਜੀ ਦੇ ਗੱਦੀ-ਨਸ਼ੀਨ ਸ਼ੇਖ਼ ਬ੍ਰਹਮ, ਜੋ ਇਹਨਾਂ ਤੋਂ ਬਾਅਦ 11ਵੀਂ ਥਾਂ 'ਤੇ ਸਨ, ਨੂੰ ਮਿਲੇ। ਗੁਰੂ ਨਾਨਕ ਸਾਹਿਬ ਅਤੇ ਸ਼ੇਖ਼ ਬ੍ਰਹਮ ਦਰਮਿਆਨ ਕਈ ਦਿਨ ਤੱਕ ਸੰਵਾਦ ਚਲਿਆ। ਸ਼ੇਖ਼ ਬ੍ਰਹਮ ਗੁਰੂ ਸਾਹਿਬ ਤੋਂ ਬੇਹਦ ਪ੍ਰਭਾਵਿਤ ਹੋਏ ਅਤੇ ਆਪਣੇ ਵਡੇਰੇ ਮੁਰਸ਼ਦ ਦੀ ਬਾਣੀ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤੀ, ਜੋ ਪੰਚਮ ਪਾਤਸ਼ਾਹ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਵੇਲੇ ਇਸ ਪਵਿੱਤਰ ਗ੍ਰੰਥ ਦਾ ਹਿੱਸਾ ਬਣਾਈ।

ਬਾਣੀ ਰਚਨਾ - 4 ਸ਼ਬਦ, 2 ਰਾਗਾਂ ਵਿਚ ਅਤੇ 112 ਸਲੋਕ। ਕੁੱਲ ਜੋੜ - 116

* * * * *

## (2) ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਪਿਤਾ ਦਮੇਸ਼ਟੀ ਤੇ ਮਾਤਾ ਗੋਂਨਾ ਬਾਈ ਦੀ ਕੁਖੋਂ ਮਹਾਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਪਰਗਨੇ ਕਰਹੜ ਦੇ ਪਿੰਡ ਨਰਸੀ ਬਾਮਨੀ ਵਿਖੇ ਹੋਇਆ। ਮਾਪੇ ਭਗਤੀ ਭਾਵ ਵਾਲੇ ਸਨ। ਜਨਮ ਤੋਂ ਹੀ ਭਗਤੀ ਦਾ ਬੀਜ ਨਾਮਦੇਵ ਵਿਚ ਪੈ ਗਿਆ ਸੀ। ਬਾਲ ਉਮਰੇ ਹੀ ਬੀਠਲ ਦੀ ਉਪਮਾ ਦੇ ਗੀਤ ਗਾਂਦੇ ਰਹਿੰਦੇ। ਸ਼ਾਦੀ ਵੀ ਛੋਟੀ ਉਮਰੇ ਗੋਬਿੰਦ ਸ਼ੈਟੀ ਦੀ ਲੜਕੀ ਰਾਜਾਬਾਈ ਨਾਲ ਹੋ ਗਈ। ਉਨ੍ਹਾਂ ਦੀ ਉਚਾਰੀ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਦਾ ਇੰਨਾ ਪ੍ਰਕਾਸ਼ ਹੋ ਗਿਆ ਸੀ ਕਿ ਉਸ ਦਾ ਆਨੰਦ ਹਰ ਵੇਲੇ ਮਾਣਦੇ ਰਹਿੰਦੇ। ਛੀਬਾਂ ਜਾਤ ਹੋਣ ਦੇ ਕਾਰਨ ਅਖੌਤੀ ਉਚ ਜਾਤੀ ਦੇ ਮੰਦਰ ਤੱਕ ਦਾਖਲ ਨਹੀਂ ਹੋਣ ਦਿੰਦੇ ਸਨ। ਪਰ ਵਾਹਿਗੁਰੂ ਨੇ ਐਸਾ ਚਮਤਕਾਰ ਦਿਖਾਇਆ ਕਿ ਦੇਹੁਰਾ ਹੀ ਫੇਰ ਦਿੱਤਾ। ਆਪ ਜੀ ਦ੍ਰਿੜ ਚਿਤ ਇਤਨੇ ਸਨ ਕਿ ਸਮੇਂ ਦੇ ਬਾਦਸ਼ਾਹ ਫਿਰੋਜ਼ ਤੁਗਲਕ ਨੇ ਜਦੋਂ ਰਾਮ ਛੱਡ ਅਲਾਹ ਬੋਲਣ ਦਾ ਹੁਕਮ ਚਾੜ੍ਹਿਆ ਤਾਂ ਬੋਲੇ : 'ਭਾਵੇਂ ਸਰੀਰ ਵੀ ਕੁਰਬਾਨ ਕਰਨਾ ਪਵੇ, ਉਹ ਰਾਮ ਨਾਮ ਨਹੀਂ ਛੱਡ ਸਕਦੇ।' ਇਹ ਵੱਖਰੀ ਗੱਲ ਹੈ ਕਿ ਬ੍ਰਾਹਮਣਾਂ ਵੱਲੋਂ ਸਤਾਏ ਜਾਣ ਵੇਲੇ ਪੁਕਾਰ 'ਜ਼ੁਲਫਾਂ ਵਾਲੇ ਆਲਾਹ' (ਅਬਦਾਲੀ ਕੇਸਵਾ) ਅੱਗੇ ਕੀਤੀ ਸੀ। ਉਹ ਦਰਸਾ ਰਹੇ ਸਨ ਕਿ ਕਿਸੇ ਸ਼ਾਹੀ ਅਤਾਬ ਦੇ ਡਰੋਂ ਆਪਣੀ ਆਵਾਜ਼ ਬੰਦ ਨਹੀਂ ਕਰ ਦੇਣੀ ਚਾਹੀਦੀ।



ਇਹ ਦੇਖ ਕਿ ਨਾਮਦੇਵ ਆਪਣੇ ਬਚਨਾਂ ਤੇ ਅਟੱਲ ਖੜੋਤਾ ਹੈ ਬਾਦਸ਼ਾਹ ਨੇ ਹਾਥੀ ਹੇਠਾਂ ਲਿਤਾੜ ਮਾਰ ਮੁਕਾਉਣ ਦਾ ਹੁਕਮ ਦਿੱਤਾ ਪਰ ਫਿਰੋਜ਼ ਤੁਗਲਕ ਹੈਰਾਨ ਹੋਇਆ ਜਦ ਹਾਥੀ ਨਾਮਦੇਵ ਨੂੰ ਨਮਸਕਾਰ ਕਰਕੇ ਪਿਛੇ ਹਟ ਗਿਆ। ਬਾਦਸ਼ਾਹ ਨੇ ਵੀ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ

ਝੁਕਾਇਆ ਤੇ ਜਦ ਉਪਦੇਸ਼ ਮੰਗਿਆ ਤਾਂ ਆਪ ਜੀ ਨੇ ਕਿਹਾ:

**'ਸਾਚਿ ਸੀਲ ਚਾਲਹੁ ਸੁਲਤਾਨ।'**

ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਭਗਤ ਤ੍ਰਿਲੋਚਨ ਤੇ ਨਾਮਦੇਵ ਜੀ ਦਾ ਆਪਸ ਵਿਚ ਹੋਏ ਵਾਰਤਾਲਾਪਾਂ ਦਾ ਜ਼ਿਕਰ ਕੀਤਾ ਹੈ ਅਤੇ ਭਾਈ ਗੁਰਦਾਸ ਜੀ ਨੇ ਵਿਸਥਾਰ ਦਿੰਦੇ ਕਿਹਾ ਹੈ ਕਿ ਦੋਵਾਂ ਦੀ ਗੂੜ੍ਹੀ ਦੋਸਤੀ ਸੀ। ਜਦ ਵੀ ਮਿਲਦੇ ਨਾਮਦੇਵ ਜੀ ਆਪਣੇ ਅਨੁਭਵ ਉਨ੍ਹਾਂ ਨੂੰ ਦੱਸਦੇ ਕਿ ਕਿਵੇਂ ਉਹ ਪ੍ਰਭੂ ਦੀ ਹਜ਼ੂਰੀ ਦਾ ਆਨੰਦ ਮਾਣਦੇ ਰਹਿੰਦੇ ਹਨ। ਤ੍ਰਿਲੋਚਨ ਜੀ ਨੇ ਤਰਲਾ ਕੀਤਾ ਕਿ ਪ੍ਰਭੂ ਪਾਸ ਉਨ੍ਹਾਂ ਵੱਲੋਂ ਵੀ ਬੇਨਤੀ ਕਰੋ ਕਿ ਉਸ ਤੇ ਵੀ ਮਿਹਰ ਦੀ ਨਜ਼ਰ ਪਵੇ। ਜਦ ਨਾਮ ਦੇਵ ਜੀ ਨੇ ਪ੍ਰਭੂ ਅੱਗੇ ਅਰਜ਼ ਗੁਜ਼ਾਰੀ ਤਾਂ ਪ੍ਰਭੂ ਨੇ ਫਰਮਾਇਆ ਕਿ ਤ੍ਰਿਲੋਚਨ ਨੂੰ ਕਹੀ ਕਿ ਇਹ ਤਾਂ ਦਾਤ ਹੈ, ਜੋ ਪ੍ਰਭੂ ਨੇ ਤੁਠ ਕੇ ਦੇਣੀ ਹੈ ਅਤੇ ਉਹ ਨਿਰੋਲ ਭਗਤੀ ਤੇ ਤੁਠਦਾ ਹੈ ਅਤੇ ਭਗਤੀ ਵੀ ਉਹ ਫਲਦੀ ਹੈ ਜੋ ਸਾਧ ਸੰਗਤਿ ਵਿਚ ਜਾ ਕੀਤੀ ਜਾਵੇ। ਭਗਤਾਂ ਦਾ ਦਾਅਵਾ ਤਾਂ ਉਹ ਠੁਕਰਾ ਨਹੀਂ ਸਕਦਾ ਪਰ ਹੰਕਾਰੀਆਂ ਦੇ ਨੇੜੇ ਨਹੀਂ ਜਾਂਦਾ।

**ਹਉ ਅਧੀਨ ਹਾਂ ਭਗਤ ਦੇ**
**ਪਹੁੰਚਿ ਨ ਹੰਘਾ ਭਗਤੀ ਦਾਵੈ।**
**ਹੋਇ ਵਿਚੋਲਾ ਆਣਿ ਮਿਲਾਵੈ।**

ਭਗਤ ਨਾਮਦੇਵ ਜੀ ਦੀ ਘਾਲ ਦਾ ਜ਼ਿਕਰ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

**"ਨਾਮ ਦੇਵ ਹਰਿ ਜੀਉ ਬਸਹਿ ਸੰਗਿ॥"**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1192**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 18 ਰਾਗਾਂ ਵਿਚ ਗਾਏ ਹੋਏ 60 ਸ਼ਬਦ ਹਨ। ਆਖਰੀ ਉਮਰ ਆਪ ਜੀ ਪੰਜਾਬ ਦੇ ਇਕ ਪਿੰਡ ਘੁਮਾਂ ਆ ਟਿਕੇ ਸਨ। ਆਪ ਜੀ ਇਥੇ ਹੀ ਅੱਸੂ ਦੇ ਮਹੀਨੇ 1350 ਈ. ਨੂੰ ਅਕਾਲ ਚਲਾਣਾ ਕਰ ਗਏ ਸਨ।

* * * * *

## (3) ਭਗਤ ਤ੍ਰਿਲੋਚਨ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਬਾਣੀ ਰਾਹੀਂ ਹਮੇਸ਼ਾ-ਹਮੇਸ਼ਾ ਲਈ ਅਮਰਤਾ ਪ੍ਰਾਪਤ ਕਰਨ ਵਾਲੇ ਭਗਤਾਂ ਵਿਚ ਭਗਤ ਤ੍ਰਿਲੋਚਨ ਆਯੂ ਦੇ ਕਾਲ-ਅਨੁਸਾਰ ਤੀਸਰੇ ਥਾਂ ਉੱਪਰ ਆਉਂਦੇ ਹਨ। ਇਹਨਾਂ ਦੇ ਜਨਮ ਬਾਰੇ ਪ੍ਰਵਾਨਿਤ ਸਮਾਂ 1267ਈ. ਹੈ। ਇਹਨਾਂ ਦੇ ਮਾਤ-ਪਿਤਾ ਜਾਂ ਸੰਸਾਰਿਕ ਰਿਸ਼ਤੇ-ਨਾਤੇ ਦਾ ਕਿਸੇ ਵੀ ਪ੍ਰਮਾਣਿਤ ਸ੍ਰੋਤ ਤੋਂ ਕੁਝ ਨਹੀਂ ਪਤਾ ਚਲਦਾ। ਪਰ ਇਹ ਮੰਨਿਆ ਜਾਂਦਾ ਹੈ ਕਿ ਮਹਾਰਾਸ਼ਟਰ ਰਾਜ ਦੇ ਜ਼ਿਲ੍ਹਾ ਸ਼ੋਲਾਪੁਰ ਦੇ ਪਿੰਡ ਬਾਰਸੀ ਨਾਲ ਇਹਨਾਂ ਦੇ ਜਨਮ ਦਾ ਸਬੰਧ ਹੈ।



ਭਗਤ ਤ੍ਰਿਲੋਚਨ ਤੇ ਭਗਤ ਨਾਮਦੇਵ ਜੀ ਸਮਕਾਲੀ ਸਨ। ਭਾਈ ਗੁਰਦਾਸ ਜੀ ਨੇ ਐਸਾ ਹੀ ਲਿਖਿਆ ਹੈ ਕਿ ਤ੍ਰਿਲੋਚਨ ਜੀ ਰੋਜ਼ ਪੈਂਡਾ ਮਾਰ ਭਗਤ ਨਾਮਦੇਵ ਜੀ ਕੋਲ ਆਂਦੇ ਸਨ ਤੇ ਉਨ੍ਹਾਂ ਨੂੰ ਪ੍ਰਭੂ ਪਾਉਣ ਦਾ ਰਾਹ ਭਗਤ ਨਾਮਦੇਵ ਜੀ ਨੇ ਹੀ ਦੱਸਿਆ। ਭਗਤ ਕਬੀਰ ਜੀ ਨੇ ਵੀ ਆਪਣੇ ਸਲੋਕਾਂ ਵਿਚ ਭਗਤ ਤ੍ਰਿਲੋਚਨਜੀ ਤੇ ਨਾਮਦੇਵ ਜੀ ਦਾ ਵਾਰਤਾਲਾਪ ਲਿਖਿਆ ਹੈ ਕਿ ਜਦ ਤ੍ਰਿਲੋਚਨ ਜੀ ਨੇ ਨਾਮਦੇਵ ਜੀ ਨੂੰ ਆ ਕਿਹਾ, ਤੂੰ ਤਾਂ ਹਰ ਵੇਲੇ ਕਿਰਤ ਵਿਚ ਹੀ ਰੁਝਾ ਰਹਿੰਦਾ ਹੈ, ਨਾਮ ਕਿਸ ਵੇਲੇ ਜਪਦਾ ਹੋਵੇਗਾ ਤਾਂ ਨਾਮਦੇਵ ਜੀ ਨੇ "ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ" ਆਖ ਕੇ ਉਸ ਦੀ ਤਸੱਲੀ ਕਰਾਈ।

ਨਾਮਦੇਵ ਜੀ ਮਾਇਆ ਦੇ ਟਾਕਰੇ ਨਾਮ ਭਗਤੀ ਨੂੰ ਹੀ ਮਹਾਨਤਾ ਦੇਂਦੇ ਸਨ। ਭਗਤ ਜੀ ਦਾ ਕਹਿਣਾ ਸੀ ਜੋ ਮਨੁੱਖ ਲਛਮੀ, ਇਸਤਰੀ, ਬੱਚੇ ਅਤੇ ਮਕਾਨਾਂ ਦੀ ਪਕੜ ਵਿਚ ਸਾਰੀ ਉਮਰ ਰਹਿੰਦਾ ਹੈ, ਉਹ ਕਦੇ ਸੁਖ ਨਹੀਂ ਪਾ ਸਕਦਾ। ਉਸ ਦੀ ਭਟਕਨਾ ਬਣੀ ਰਹਿੰਦੀ ਹੈ। ਜਿਸ ਨੇ ਸਿਮਰਨ ਪਕਾ ਲਿਆ ਹੈ ਅਤੇ ਅੰਤ ਸਮੇਂ ਵੀ ਉਸ ਦੀ ਯਾਦ ਨਹੀਂ ਭੁਲਾਈ, ਉਹ ਮਾਇਆ ਦੀ ਪਕੜ ਵਿਚੋਂ ਨਿਕਲ ਜਾਂਦਾ ਹੈ ਤੇ ਧਰਤ ਆਕਾਸ਼ ਦਾ ਮਾਲਕ ਉਸ ਦੇ ਹਿਰਦੇ ਆ ਵਸਦਾ ਹੈ।

**'ਅੰਤਿ ਕਾਲਿ ਨਾਰਾਇਣੁ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ**
**ਪੀਤੰਬਰੁ ਵਾ ਕੇ ਰਿਦੈ ਬਸੈ॥'**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 526**

ਇਸੇ ਤਰ੍ਹਾਂ ਭਗਤ ਤ੍ਰਿਲੋਚਨ ਜੀ ਨੇ ਜੈ ਚੰਦ ਨਾਂ ਦੇ ਇਕ ਵਿਦਵਾਨ ਪੰਡਤ ਨੂੰ ਸਮਝਾਉਂਦੇ ਹੋਏ ਕਹਿਆ ਕਿ ਦੁਨੀਆਂ ਸੁਖਾਂ ਨੂੰ ਲੱਭਣ ਲਈ ਭਟਕ ਰਹੀ ਹੈ ਕਿਉਂਕਿ ਉਸ ਨੂੰ ਇਤਨੀ ਸੋਝੀ ਨਹੀਂ ਹੋਈ ਕਿ ਸੁਖ-ਸਹਜ-ਅਨੰਦ ਦਾ ਸੋਮਾ ਪ੍ਰਮਾਤਮਾ ਹੈ। ਸੰਨਿਆਸੀ ਨੂੰ ਸਮਝਾਉਂਦੇ ਹਨ ਕਿ ਬਾਹਰਲੇ ਭੇਖਾਂ ਦਾ ਕੋਈ ਲਾਭ ਨਹੀਂ ਅਤੇ ਕਰਮ ਕਾਂਡ ਦਾ ਪਾਣੀ ਨ ਰਿੜਕੋ। ਇਸ ਨਾਲ ਕੁਝ ਹੱਥ ਆਉਣ ਵਾਲ ਨਹੀਂ। ਸਿਰਫ਼ ਜਗਤ ਦੇ ਮਾਲਕ ਦਾ ਸਿਮਰਨ ਕਰੋ।

**"ਕਾਇ ਜਪਹੁ ਰੇ**
**ਕਾਇ ਤਪਹੁ ਰੇ**
**ਕਾਇ ਬਿਲੋਵਹੁ ਪਾਣੀ॥**
**ਲਖ ਚਉਰਾਸੀਹ ਜਿਨ੍ਹਿ ਉਪਾਈ**
**ਸੋ ਸਿਮਰਹੁ ਨਿਰਬਾਣੀ॥"**

**- ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 526**
**(ਗੁਜਰੀ ਸ੍ਰੀ ਤ੍ਰਿਲੋਚਨ ਜੀਉ ਕੀ)**

ਤ੍ਰਿਲੋਚਨ ਜੀ ਦੇ ਕੁਲ ਚਾਰ ਸ਼ਬਦ ਸਿਰੀ ਰਾਗ, ਗੁਜਰੀ ਅਤੇ ਧਨਾਸਰੀ ਵਿਚ ਦਰਜ ਹਨ।

* * * * *

## (4) ਭਗਤ ਰਵਿਦਾਸ ਜੀ

ਗੁਰੂ ਅਰਜਨ ਦੇਵ ਜੀ ਨੇ 'ਰਵਿਦਾਸ ਧਿਆਇ ਪ੍ਰਭ ਅਨੂਪ' ਫਰਮਾ ਕੇ ਭਗਤ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਰਵਿਦਾਸ ਜੀ ਨੇ ਮਾਇਆ ਦੀ

ਪਕੜ ਐਸੀ ਗਵਾ ਲਈ ਸੀ ਕਿ ਵਾਹਿਗੁਰੂ ਵਿਚ ਅਭੇਦ ਹੀ ਹੋ ਗਏ ਸਨ। ਉਨ੍ਹਾਂ ਦਾ ਹੀ ਉਚਾਰਿਆ ਸ਼ਬਦ ਹੈ :

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।**

**ਕਨਕ ਕਟਿਕ ਜਲ ਤਰੰਗ ਜੈਸਾ।**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93**



ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਉਹ ਮੋਚੀ ਦੀ ਕਿਰਤ ਕਰਨ ਵਾਲਾ ਸਾਰੇ ਸੰਸਾਰ ਤੇ ਪ੍ਰਸਿੱਧ ਹੋਇਆ। ਜਿਵੇਂ ਗੋਦੜੀ ਵਿਚ ਲਾਲ ਚਮਕਦਾ ਹੈ ਤਿਵੇਂ ਭਗਤ ਰਵਿਦਾਸ ਜੀ ਚਮਕੇ। ਆਪਣੀ ਨਿਰਮਲ ਕਰਣੀ ਦੁਆਰਾ ਉਨ੍ਹਾਂ ਪ੍ਰਗਟਾ ਦਿੱਤਾ ਕਿ ਭਗਤੀ ਹੀ ਗਿਆਨ ਧਿਆਨ ਦੀ ਪ੍ਰਾਪਤੀ ਹੈ। ਚਹੁੰ ਵਰਨਾਂ ਨੂੰ ਪ੍ਰਤੱਖ ਕਰ ਦਿਖਲਾਇਆ ਕਿ ਵਾਹਿਗੁਰੂ ਆਪਣੇ ਭਗਤਾਂ ਨੂੰ ਮਾਂ ਪਿਉ ਜਿਤਨਾ ਪਿਆਰ ਦੇਂਦਾ ਹੈ।

**ਚਹੁੰ ਵਰਨਾ ਉਪਦੇਸਦਾ ਗਿਆਨ ਧਿਆਨ ਕਰਿ ਭਗਤ ਸਹੇਟਾ।**

**ਭਗਤ ਜਨਾਂ ਹਰਿ ਮਾਂ ਪਿਉ ਬੇਟਾ।**

ਇਕ ਸਮੇਂ ਉਨ੍ਹਾਂ ਦੀ ਅੰਨਨਿ ਸੇਵਾ ਤੋਂ ਇਕ ਸਾਧੂ ਨੇ ਖੁਸ਼ ਹੋ ਕੇ ਪਾਰਸ ਦਿੱਤਾ ਤਾਂ ਕਿ ਉਹਨਾਂ ਦਾ ਦਲਿਦ੍ਰ ਮਿਟ ਜਾਏ। ਪਰ ਉਹ ਹੀ ਸਾਧੂ ਜਦ ਕੁਝ ਚਿਰਾਂ ਬਾਅਦ ਫਿਰ ਮਿਲਆ ਤਾਂ ਹੈਰਾਨ ਹੋਆ ਕਿ ਰਵਿਦਾਸ ਜੀ ਉਸੇ ਜੁਤੀਆਂ ਗੰਢਣ ਦੀ ਕਿਰਤ ਵਿਚ ਲੱਗੇ ਹੋਏ ਹਨ। ਹੈਰਾਨ ਹੋ ਪੁਛ ਬੈਠਾ ਕਿ ਪਾਰਸ ਕਿਥੇ ਜੇ ਜੋ ਉਹ ਦੇ ਗਿਆ ਸੀ ਤਾਂ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਉਸੇ ਆਲੇ ਵਿਚ ਪਿਆ ਹੈ, ਜਿਥੇ ਤੂੰ ਰੱਖ ਗਿਆ ਸੀ।

ਰਵਿਦਾਸ ਜੀ ਦੀ ਇਤਨੀ ਉੱਚੀ ਆਤਮਕ ਅਵਸਥਾ ਦੇਖ ਕੇ ਬਨਾਰਸ ਦੇ ਲੋਕੀਂ ਉਨ੍ਹਾਂ ਵੱਲ ਖਿੱਚੇ ਆਏ ਤਾਂ ਉੱਚ ਜਾਤੀਆਂ ਨੇ ਉਨ੍ਹਾਂ ਦੇ ਘਰ ਤੱਕ ਸਾੜਨ ਦੀ ਕੋਸ਼ਿਸ਼ ਕੀਤੀ। ਆਪ ਜੀ ਨਿਡਰ ਹੋ ਕੇ ਕਹਿਣ ਲੱਗੇ : ਹੇ ਬਨਾਰਸ ਵਾਸੀਓ ! ਇਹ ਜਾਤ ਅਭਿਮਾਨੀ ਮੈਨੂੰ ਇਸ ਲਈ ਜਲਾਉਣਾ ਚਾਹੁੰਦੇ ਹਨ ਕਿ ਮੈਂ ਨੀਵੀਂ ਜਾਤ ਦਾ ਹੋ ਕੇ ਕਿਉਂ ਆਖਦਾ ਹਾਂ ਕਿ ਉਸ ਵਿਚ ਤੇ ਹੁਣ ਰਾਮ ਵਿਚ ਕੋਈ ਭੇਦ ਨਹੀਂ। ਮੈਨੂੰ ਬਸ ਇਤਨਾ ਦੱਸੋ ਕਿ ਜੇ ਕੋਈ ਭਲਾ ਸ਼ਰਾਬ ਦੀ ਬੋਤਲ ਗੰਗਾ ਦਰਿਆ ਵਿਚ ਸੁਟ ਦੇਵੇ ਤਾਂ ਕੀ ਭਗਤ ਜਨਾਂ ਨੂੰ ਗੰਗਾ ਜਲ ਪੀਣਾ ਬੰਦ ਕਰ ਦੇਣਾ ਚਾਹੀਦਾ ਤੇ ਜੇ ਇਸ ਦੀ ਉਲਟ ਗੰਗਾ ਜਲ ਦੇ ਪਾਣੀ ਵਿਚ ਗੁੜ ਸਕ ਮਿਲਾ ਕੋਈ ਸ਼ਰਾਬ ਬਣਾ ਦੇਵੇ ਤਾਂ ਕੀ ਭਗਤ ਜਨਾਂ ਨੂੰ ਪੀ ਲੈਣਾ ਚਾਹੀਦਾ ਹੈ। ਕੁਝ ਹੋਸ਼ ਕਰੋ ਜਾਤ ਅਭਿਮਾਨ ਵਿਚ ਗਲ ਸੜ ਹੰਕਾਰੀ ਹੋਏ ਬਦਮਸਤ ਲੋਕੋ।

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**

**ਸੰਤ ਜਨ ਕਰਤ ਨਹੀਂ ਪਾਨੰ।**

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**

**ਸੁਰਸਰੀ ਮਿਲਤ ਨਹਿ ਹੋਇ ਆਨੰ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293**

'ਬਗਮਪੁਰਾ ਸਹਰ ਕੋ ਨਾਉ' ਦੇ ਸ਼ਬਦ ਵਿਚ ਐਸਾ ਵਾਤਾਵਰਨ ਉਲੀਕਣ ਲਈ ਅਰਦਾਸ ਕਰ ਰਹੇ ਹਨ ਜਿਥੇ ਦੁੱਖ, ਭੁੱਖ, ਅੰਦਹੋ, ਤੌਖਲਾ, ਜਬਰ ਦਾ ਡਰ ਨਾ ਹੋਵੇ ਤੇ ਸਭ ਇਕੋ ਸਮਾਨ ਹੋਣ।

16 ਰਾਗਾਂ ਵਿਚ ਭਗਤ ਰਵਿਦਾਸ ਜੀ ਦੇ 40 ਸ਼ਬਦ ਹਨ।

ਆਪ ਜੀ ਦਾ ਜਨਮ 1377ਈ. ਵਿਚ ਹੋਇਆ ਮੰਨਿਆ ਜਾਂਦਾ ਹੈ ਤੇ ਬਹੁਤ ਵੱਡੀ ਉਮਰ ਭੋਗ ਕੇ ਅਕਾਲ ਚਲਾਣਾ ਕੀਤਾ। ਕਬੀਰ ਜੀ ਦੇ ਸਮਕਾਲੀ ਸਨ ਤੇ ਉਨ੍ਹਾਂ ਆਪਣੀ ਬਾਣੀ ਵਿਚ ਦਰਸਾਇਆ ਹੈ ਕਿ ਕਬੀਰ ਜੀ ਨੂੰ ਸੰਸਾਰ ਭਰ ਵਿਚ ਬੜੀ ਪ੍ਰਸਿਧੀ ਮਿਲੀ ਅਤੇ ਹੁਣ ਵਾਹਿਗੁਰੂ ਮੇਹਰ ਸਦਕਾ ਕਰਮ ਕਾਂਡੀ ਬ੍ਰਹਮਣ ਰਵਿਦਾਸ ਅੱਗੇ ਵੀ ਆ ਸਿਰ ਝੁਕਾਂਦੇ ਹਨ।

**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ**

**ਤਿਨ ਤਨੈ ਰਵਿਦਾਸ ਦਾਸਾਨ ਦਾਸਾ।**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293**

* * * * *

## (5) ਭਗਤ ਕਬੀਰ ਜੀ

ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਨੂੰ ਭਗਤਾਂ ਦੀ ਸੂਚੀ ਵਿਚ ਪਹਿਲੀ ਥਾਂ ਦਿੱਤੀ ਹੈ ਅਤੇ ਆਪਣੀ ਬਾਣੀ ਵਿਚ 'ਕਬੀਰ ਧਿਆਇਓ ਏਕ ਰੰਗ'। ਕਹਿ ਕੇ ਸਤਿਕਾਰਿਆ ਹੈ।



'ਸ੍ਰੀ ਗੁਰ ਪੁਰ ਪ੍ਰਕਾਸ਼' ਤੇ ਕਥਨ ਅਨੁਸਾਰ ਜਦ ਗੁਰੂ ਨਾਨਕ ਦੇਵ ਤੇ ਕਬੀਰ ਜੀ ਦੀ ਕਾਸ਼ੀ ਵਿਖੇ 'ਆਪਸ ਮਹਿੰ ਬਹੁ ਆਤਮ ਗਯਾਨ' ਦੀਆਂ ਗੱਲਾਂ ਹੋਈਆਂ ਤਾਂ ਕਬੀਰ ਜੀ ਨੇ 'ਦਰਸ ਪਾਇ ਹਮ ਹੋਏ ਨਿਹਾਲ' ਦੇ ਸ਼ਬਦ ਕਹੇ ਤਾਂ

**'ਕਹਿ ਸ੍ਰੀ ਸਤਿਗੁਰ ਭਗਤ ਕਬੀਰ।**

**ਪ੍ਰੇਮ ਭਗਤ ਮਹਿੰ ਤੁਮ ਗੰਭੀਰ।**

**ਸੰਤਨ ਕੋ ਆਵਨ ਸੰਸਾਰਾ।**

**ਦੇਨ ਭਗਤ ਨਰ ਪਰ ਉਪਕਾਰਾ।'**

ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ ਹੈ ਕਿ ਜਦ ਕਬੀਰ ਜੀ ਪੂਰਨ ਵਿਸਮਾਦ ਵਿਚ ਚਲੇ ਗਏ ਤਾਂ ਆਤਮਾ ਤੋਂ ਐਸਾ ਅੰਮ੍ਰਿਤ ਜਾ ਝਰਨਾ ਚਲ ਪਿਆ ਕਿ ਉਨ੍ਹਾਂ ਵਿਚ ਤੇ ਵਾਹਿਗੁਰੂ ਵਿਚ ਰਤਾ ਭਰ ਭੇਦ ਨ ਰਹਿਆ ਤੇ ਫਿਰ ਜੋ ਵੀ ਉਹ ਮੁਖੋਂ ਬੋਲਦੇ, ਉਚਾਰਦੇ, ਉਸ ਦੇ ਸੁਣਨ ਨਾਲ ਹੀ ਅਣਘੜੇ ਜੀਵਾਂ ਦੇ ਜੀਵਨ ਘੜੇ ਜਾਂਦੇ।

**ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।**

**ਝਰਮਾ ਝਰਦਾ ਨਿਝਰਹੁੰ, ਗੁਰਮੁਖਿ ਬਾਣੀ ਅਘੜ ਘੜਾਈ।**

**ਰਾਮੁ ਕਬੀਰੈ ਭੇਦੁ ਨ ਭਾਈ।**

ਕਬੀਰ ਕਸੌਟੀ ਰਚਿਤ ਲਹਿਣਾ ਸਿੰਘ (ਪਿੰਜੋਰ) ਦੇ ਲਿਖੇ ਅਨੁਸਾਰ ਕਬੀਰ ਜੀ ਦਾ ਜਨਮ ਬਨਾਰਸ ਵਿਖੇ ਸੰਨ 1398 ਵਿਚ ਹੋਇਆ।ਆਪ ਜੀ ਦੇ ਜਨਮ ਸਬੰਧੀ ਬੇਸ਼ੱਕ ਕੋਈ ਸਪੱਸ਼ਟ ਸੰਕੇਤ ਨਹੀਂ ਮਿਲਦਾ ਪਰ ਆਪ ਦੀ ਪਰਵਰਿਸ਼ ਨੀਰੂ ਨਾਂ ਦੇ ਇਕ ਕਿਰਤੀ ਮੁਸਲਮਾਨ ਜੁਲਾਹਾ ਅਤੇ ਉਸਦੀ ਪਤਨੀ ਨੀਮਾ ਰਾਹੀਂ ਹੋਈ। ਇਨ੍ਹਾਂ ਦਾ ਪਾਲਣ ਪੋਸਨ ਕਿਉਂਕਿ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਸੀ ਜੋ ਪਾਲਤ ਮਾਪੇ ਦੀ ਇੱਛਾ ਸੀ ਕਿ ਕਬੀਰ ਇਸਲਾਮੀ ਕਰਮ ਹੀ ਕਰੇ ਪਰ ਮਾਪੇ ਕੀ ਜਾਨਣ ਕਿ ਕਬੀਰ ਜੀ ਤਾਂ ਉਸ ਘਾਟ ਪੁਜ ਗਏ ਸਨ ਜਿਥੇ ਅਲਹੁ-ਰਾਮ ਦਾ ਅੰਤਰ ਨਹੀਂ ਰਹਿੰਦਾ। ਜਦ ਇਕ ਵਾਰੀ ਉਨ੍ਹਾਂ 'ਕਬੀਰ ਪੂੰਗਰਾ ਅਲਹ-ਰਾਮ ਕਾ' ਕਹਿਆ ਤਾਂ ਕੁਝ ਕਟੜ ਮੁਸਲਮਾਨਾਂ ਨੇ ਕਾਫਰ ਗਰਦਾਨਿਆ। ਆਪ ਜੀ ਨੇ ਸਮਝਾਇਆ ਭਲੇ ਲੋਕੋ ਕਾਫਰ ਤਾਂ ਉਹ ਹੁੰਦਾ ਹੈ ਜੋ ਅਲਾਹ ਦੀ ਹੋਂਦ ਤੋਂ ਮੁਨਕਰ ਹੋਵੇ, ਕਿਸੇ ਦਾ ਦਿਲ ਦੁਖਾਵੇ, ਸਾਧੂ ਦਾ ਭੇਖ ਧਾਰ ਲੋਕਾਂ ਨੂੰ ਲੁਟੇ, ਕਿਰਤ ਛੱਡ ਪਰਦਰਬ ਹਿਰੈ, ਆਤਮਘਾਤੀ ਹੋਵੇ, ਬਾਟ ਮਾਰ ਹੋਵੇ ਤੇ ਜੀਆ ਘਾਤ ਕਰੇ।' ਇਹ ਹੀ ਕਬੀਰ ਜੀ ਦੀ ਬਾਣੀ ਦੇ ਮੁਢਲੇ ਸਿਧਾਂਤ ਹਨ।

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349**

ਭਗਤ ਕਬੀਰ ਜੀ 1518 ਈ. ਵਿਚ ਅਕਾਲ ਚਲਾਣਾ ਕਰ ਗਏ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਠਾਰਾਂ ਰਾਗਾਂ ਵਿਚ 297 ਸ਼ਬਦ ਤੇ ਅਸਟਪਦੀਆਂ ਅਤੇ 243 ਸਲੋਕ ਦਰਜ ਹਨ।

*****

## (6) ਭਗਤ ਧੰਨਾ ਜੀ



ਰਾਜਸਥਾਨ ਵਿਚ ਟੌਂਕ ਪਰਗਨੇ ਤੋਂ ਵੀਹ ਮੀਲ ਦੀ ਵਾਟ ਤੇ ਦਿਉਲੀ ਛਾਵਨੀ ਦੇ ਲਾਗੇ ਪਿੰਡ ਧੁਆਂ ਵਿਚ ਭਗਤ ਧੰਨਾ ਜੀ ਦਾ ਜਨਮ ਸੰਨ 1415 ਨੂੰ ਹੋਇਆ। ਪਿੰਡ ਵਿਚ ਜਦ ਵੀ ਕੋਈ ਸਾਧੂ ਮਹਾਤਮਾ ਆਉਂਦਾ ਤਾਂ ਆਪ ਸਭ ਤੋਂ ਅੱਗੇ ਬੈਠ ਕਥਾ ਵਾਰਤਾ ਸੁਣਦੇ ਤੇ ਫਿਰ ਸਾਧੂਆਂ ਨੂੰ ਘਰ ਲਿਆ ਸੇਵਾ ਕਰਦੇ। ਇਕ ਵਾਰੀ ਇਕ ਪੰਡਤ ਦੀ ਜਦ ਕਥਾ ਸੁਣੀ ਕਿ ਭਗਤ ਕਬੀਰ, ਭਗਤ ਨਾਮਦੇਵ ਅਤੇ ਰਵਿਦਾਸ ਜੀ ਤੇ ਸੈਣ ਨੇ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕੀਤੇ ਹਨ ਤਾਂ ਇਨ੍ਹਾਂ ਦੇ ਮਨ ਵਿਚ ਵੀ ਚਾਅ ਉਠਿਆ ਕਿ ਉਹ ਵੀ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਮਾਨਣਗੇ। ਐਸੇ ਭਗਤੀ ਵਿਚ ਲੱਗੇ ਕਿ ਵਾਹਿਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਬੜੇ ਭਾਗਾਂ ਵਾਲੇ ਹੋਏ। ਗੁਰੂ ਅਰਜਨ ਦੇਵ ਜੀ ਨੇ ਗਵਾਹੀ ਭਰੀ ਹੈ:

**ਇਹਿ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥**

**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

ਭਗਤ ਧੰਨਾ ਜੀ ਆਪ ਵੀ ਲਿਖਦੇ ਹਨ ਕਿ ਹਰ ਥਾਂ ਵਿਆਪਕ ਪ੍ਰਭੂ ਦੀ ਜੋਤ ਜਦ ਅੰਦਰ ਹਿਰਦੇ ਵਿਚ ਟਿਕ ਗਈ ਤਾਂ ਉਹ ਪ੍ਰਭੂ ਜੋ ਹੱਥ ਆਉਣਾ ਮੁਸ਼ਕਿਲ ਲਗਦਾ ਹੀ ਛੇਤੀ ਮਿਲ ਗਿਆ। ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਭਗਤ ਧੰਨਾ ਜੀ ਕਹਿੰਦੇ ਹਨ ਕਿ ਉਸ ਨੇ ਜਗਤ ਦਾ ਮਾਲਕ (ਧਰਣੀ ਧਰੁ) ਨੂੰ ਹੋਰ ਕਿਧਰੋਂ ਨਹੀਂ ਪਾਇਆ ਕੇਵਲ ਸੰਤ ਜਨਾਂ ਦੀ ਸੰਗਤ ਕੀਤੀ ਤੇ 'ਧਰਣੀ ਧਰੁ' ਪ੍ਰਾਪਤ ਕਰ ਲਿਆ।

ਆਸਾ ਰਾਗ ਦੇ ਦੂਜੇ ਸ਼ਬਦ ਵਿਚ ਭਗਤ ਧੰਨਾ ਜਾ ਕਹਿੰਦੇ ਹਨ ਕਿ ਜੇ ਸਾਰੀ ਧਰਤੀ ਦਾ ਵੀ ਕੋਈ ਮਾਲਕ ਬਣ ਜਾਏ ਤਾਂ ਵੀ ਉਸ ਦੀ ਮਰਜ਼ੀ ਨਹੀਂ ਚਲਣੀ। ਹੋਣਾ ਉਹ ਕੁਝ ਹੀ ਹੈ ਜੋ ਵਾਹਿਗੁਰੂ ਨੂੰ ਭਾਵੇ।

**ਜੇ ਧਾਵਹਿ ਬ੍ਰਹਮੰਡ ਖੰਡ ਕਉ**

**ਕਰਤਾ ਕਰੈ ਸੁ ਹੋਈ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

ਸਮਝਾਂਦੇ : ਰੋਜ਼ੀ ਦਾ ਫਿਕਰ ਛੱਡ ਕਿਉਂਕਿ ਰੋਜ਼ੀ ਰੋਟੀ ਦਾ ਪ੍ਰਬੰਧ ਤਾਂ ਵਾਹਿਗੁਰੂ ਨੇ ਉਸ ਵੇਲੇ ਵੀ ਕੀਤਾ ਜਦ ਤੂੰ ਮਾਂ ਦੇ ਉਦਰ ਵਿਚ ਸੀ। ਪੱਥਰ ਪਏ ਕੀੜੇ ਨੂੰ ਜਿਸ ਦਾ ਕੋਈ ਦਰਵਾਜ਼ਾ ਤੱਕ ਨਹੀਂ ਹੁੰਦਾ, ਉਹ ਰੋਜ਼ੀ ਪਹੁੰਚਾਉਂਦਾ ਹੈ। ਤੂੰ ਕਿਉਂ ਤੌਖਲਾ ਕਰਦਾ ਹੈਂ। ਤੇਰੇ ਲਈ ਇਕ ਹੀ ਬਣ ਆਉਂਦਾ ਹੈ ਕਿ ਉਸ ਦੀ ਯਾਦ ਹਿਰਦੇ ਸੰਭਾਲ।

**ਪਾਖਣਿ ਕੀਟੁ ਗੁਪਤੁ ਹੋਇ ਰਹਤਾ**

**ਤਾ ਚੋ ਮਾਰਗੁ ਨਾਹੀ ॥**

**ਕਹੈ ਧੰਨਾ ਪੂਰਨ ਤਾਹੂ ਕੋ**

**ਮਤ ਰੇ ਜੀਅ ਡਰਾਂਹੀ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

ਸਾਡੇ ਇਤਿਹਾਸ ਮੁਤਾਬਕ ਭਗਤ ਧੰਨਾ ਜੀ ਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਉਦਾਸੀ ਸਮੇਂ ਪਿੰਡ ਧੁਆਂ ਵਿਚ ਹੀ ਹੋਈ ਸੀ।ਆਪ ਜੀ ਦੇ ਆਸਾ ਰਾਗ ਵਿਚ ਦੋ ਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਦਰਜ ਹੈ ਜਿਸ ਵਿਚ ਗ੍ਰਹਿਸਤ ਜੀਵਨ ਸੁਖੀ ਗੁਜ਼ਾਰਨ ਲਈ ਜਿਥੇ ਹੋਰ ਨਿਤ ਦੀਆਂ ਲੋੜਾਂ ਦਾ ਹੋਣਾ ਜ਼ਰੂਰੀ ਦੱਸੀਆਂ ਹਨ ਉਥੇ ਘਰ ਵਾਲੀ ਦਾ ਚੰਗਾ ਹੋਣਾ ਲਾਜ਼ਮੀ ਕਹਿਆ ਹੈ। ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੀ ਕਾਮਯਾਬੀ ਦਾ ਰਾਜ਼ ਚਤੁਰਾਈ ਛਡ 'ਸੇਵਿਆ ਬਾਲ ਬੁਧਿ' ਦਸਿਆ ਹੈ ਅਤੇ ਭਾਈ ਗੁਰਦਾਸ ਜੀ ਨੇ 'ਭੋਲਾ ਭਾਉ ਗੋਬਿੰਦ ਮਿਲਾਵੈ' ਦੀ ਗਵਾਹੀ ਭਰੀ ਹੈ। ਜਿਥੇ ਭਗਤ ਧੰਨਾ ਜੱਟ ਹੋਣ ਨਾਤੇ ਵਾਹੀ ਕਰਦੇ ਸਨ ਸਦੀਆਂ ਗੁਜ਼ਰਨ ਬਾਅਦ ਅੱਜ ਵੀ ਲੋਕੀਂ ਉਸ ਖੇਤ ਨੂੰ 'ਧੰਨੇ ਭਗਤ ਕਾ ਖੇਤ' ਕਹਿ ਕੇ ਨਮਸਕਾਰ ਕਰਦੇ ਹਨ।

**(ਬਾਕੀ ਅਗਲੇ ਅੰਕ 'ਚ)**

**ਭਗਵਾਨ ਸਿੰਘ ਲੁਬਾਣਾ**
98155-40240



**ਬਰਸੀ 'ਤੇ ਵਿਸ਼ੇਸ਼**

# ਗਿਆਨ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

**ਅਕਾਲ ਪੁਰਖ ਵੱਲੋਂ ਸੱਦਾ** - 2 ਜੂਨ, 1950 ਦੀ ਰਾਤ ਦੇ ਤਿੰਨ ਪਹਿਰ ਬੀਤ ਗਏ। ਚੌਥਾ ਪਹਿਰ ਰਾਤ ਦਾ ਅਰੰਭ ਹੋਇਆ। ਉਹ ਅੰਮ੍ਰਿਤ ਵੇਲਾ, ਜਿਸ ਵਕਤ ਆਪ ਰੋਜ਼ ਉੱਠਦੇ ਸਨ, ਉਸੇ ਵਕਤ ਉੱਠੇ। ਸੋਚ ਕਿਰਿਆ ਕਰਕੇ ਇਸ਼ਨਾਨ ਕੀਤਾ, ਨਿਤਨੇਮ ਕੀਤਾ, ਅੰਤਰ-ਧਿਆਨ ਹੋ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਸੁਰਤ ਜੋੜੀ। ਕੁਝ ਸਮਾਂ ਉਸੇ ਤਰ੍ਹਾਂ ਆਪ ਅੰਤਰ-ਧਿਆਨ ਹੀ ਰਹੇ। ਫਿਰ ਸੁਰਤ ਸੰਭਲੀ, ਸਾਵਧਾਨ ਹੋਏ, ਅੱਧ-ਰਿੜਕਿਆ ਲਿਆ। ਪਹੁ ਫੁੱਟੀ, ਕੁੱਝ ਚਾਨਣ ਹੋਇਆ। ਆਪ ਸੈਰ ਕਰਨ ਲਈ ਪੌੜੀਆਂ ਤੋਂ ਉਤਰ ਹੀ ਰਹੇ ਸਨ ਕਿ ਆਪ ਜੀ ਨੂੰ ਦਿਲ ਦਾ ਦੌਰਾ ਪਿਆ। ਨਿਕਟਵਰਤੀਆਂ ਨੂੰ ਪਤਾ ਲੱਗਾ। ਚੁੱਕ ਕੇ ਹੇਠਾਂ ਲਿਆ ਕੇ ਮੰਜੇ ਤੇ ਪਾਇਆ। ਗਿਆਨੀ ਹਰਚਰਨ ਸਿੰਘ ਜੀ ਨੂੰ ਖ਼ਬਰ ਦਿੱਤੀ। ਦੌੜੇ ਭੱਜੇ, ਡਾਕਟਰ ਲਿਆਂਦਾ, ਪਰ ਡਾਕਟਰ ਨੇ ਕਹਿ ਦਿੱਤਾ ਕਿ ਆਪ ਜੀ ਦੇ ਸਰੀਰ ਵਿਚੋਂ ਭੌਰ ਨਿਕਲ ਕੇ ਉੱਡ ਗਿਆ ਹੈ। ਇਹ ਖ਼ਬਰ ਬਿਜਲੀ ਵਾਂਗ ਪਿੰਡਾਂ ਵਿਚ ਪੁੱਜ ਗਈ ਕਿ ਅੱਜ ਲੁਬਾਣਾ ਬਰਾਦਰੀ ਬਗੀਚੇ ਦਾ ਮਾਲੀ ਜਿਹੜਾ ਇਕ-ਇਕ ਬੂਟੇ ਦੀ, ਪੱਤਿਆਂ ਦੀ, ਡਾਲੀਆਂ ਸਾਰ ਲੈਂਦਾ ਸੀ, ਉਨ੍ਹਾਂ ਸਭਨਾਂ ਨੂੰ ਮੁਰਝਾਏ ਤੇ ਵਿਲਕਦੇ ਛੱਡ ਗਿਆ ਹੈ। ਹਾਹਾਕਾਰ ਮੱਚ ਗੀ। ਬੇਗੋਵਾਲ ਵੱਲ ਲੋਕਾਂ ਵਹੀਰਾਂ ਘੱਤ ਦਿੱਤੀਆਂ। 2 ਜੂਨ ਸ਼ਾਮ ਨੂੰ ਮੇਰੇ ਸਾਥੀ ਜਥੇਦਾਰ ਅੱਛਰ ਸਿੰਘ ਜੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਦਾਸ ਨੂੰ ਖ਼ਬਰ ਦਿੱਤੀ ਕਿ ਸੰਤ ਪ੍ਰੇਮ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ ਤੇ ਕੱਲ ਸਸਕਾਰ ਹੋਵੇਗਾ। ਇਸ ਦਰਦਨਾਕ ਖ਼ਬਰ ਨੇ ਹਿਰਦਾ ਵਿੰਨ੍ਹ ਦਿੱਤਾ। ਇਸ ਭਾਰੀ ਸਦਮੇ ਨਾਲ ਦਿਮਾਗ਼ ਦੀ ਸੋਚਣ ਸ਼ਕਤੀ ਗੁੰਮ ਹੋ ਗਈ ਕਿ ਕੀ ਕਰਾਂ। ਕੁੱਝ ਸੁੱਝੇ ਨਾ। ਕੀ ਹੋ ਗਿਆ ਹੈ, ਕੀ ਬਣੇਗਾ। ਹੁਣ ਤਾਂ ਪਹੁੰਚ ਨਹੀਂ ਸਕਦੇ। ਜਥੇਦਾਰ ਊਧਮ ਸਿੰਘ ਜੀ ਨਾਗੋਕੇ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਉਨ੍ਹਾਂ ਨੂੰ ਖ਼ਬਰ ਦਿੱਤੀ। ਖ਼ਬਰ ਸੁਣ ਕੇ ਜਥੇਦਾਰ ਸਾਹਿਬ ਬਹੁਤ ਚਿੰਤਾਤੁਰ ਹੋਏ ਤੇ ਫੈਸਲਾ ਕੀਤਾ ਕਿ ਸਵੇਰੇ ਚੱਲਾਂਗੇ ਕਿਉਂਕਿ ਸਸਕਾਰ ਕੱਲ ਤਿੰਨ ਤਰੀਕ ਨੂੰ ਸਵੇਰੇ ਦਸ ਵਜੇ ਹੋਣਾ ਹੈ। ਰਾਤ ਸੋਚਦਿਆਂ ਤੇ ਭਾਰੀ ਚਿੰਤਾ ਵਿਚ ਬਤੀਤ ਹੋਈ। ਸਵੇਰੇ ਜਥੇਦਾਰ ਸਾਹਿਬ, ਦਾਸ, ਬਾਵਾ ਹਰਨਾਮ ਸਿੰਘ ਜੀ ਤੇ ਕੁੱਝ ਹੋਰ ਸੱਜਣ ਬੇਗੋਵਾਲ ਪੁੱਜੇ। ਦੁਨੀਆਂ ਦੀ ਕੁਰਲਾਹਟ ਤੇ ਇਸਤਰੀ ਪੁਰਸ਼ ਸਭ ਜ਼ਾਰੋਜ਼ਾਰ ਰੋਰਹੇ ਸਨ। ਇਨ੍ਹਾਂ ਸਭਨਾਂ ਦਾ ਰੋਣਾ ਨਾ ਦੇਖਿਆ ਜਾਵੇ, ਨਾ ਕੰਨਾਂ ਨਾਲ ਸੁਣਿਆ ਜਾਵੇ। ਜਥੇਦਾਰ ਊਧਮ ਸਿੰਘ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਖਲਕਤ ਨੂੰ ਰੋਕਿਆ, ਜੋ ਮਹਾਂਪੁਰਖਾਂ ਦੇ ਆਖਰੀ ਦਰਸ਼ਨ ਕਰਨ ਲਈ ਤਰਲੋ-ਮੱਛੀ ਹੋ ਰਹੇ ਸਨ ਕਿ ਕਿਸੇ ਤਰ੍ਹਾਂ ਸਾਨੂੰ ਆਪਣੇ ਮਹਿਬੂਬ ਨੇਤਾ ਦੇ ਦਰਸ਼ਨ ਹੋ ਜਾਣ। ਜਥੇਦਾਰ ਸਾਹਿਬਾਨ ਨੇ ਇਸ਼ਨਾਨ ਦਾ ਪ੍ਰਬੰਧ ਕੀਤਾ। ਦਾਸ (ਚੇਤ ਸਿੰਘ), ਗਿਆਨੀ ਹਰਚਰਨ ਸਿੰਘ ਜੀ ਤੇ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਤੇ ਭਗਤ ਸਰਦਾਰ ਸਿੰਘ ਜੀ ਆਦਿ ਸੱਜਣਾਂ ਪਹਿਲੇ ਦਹੀਂ ਨਾਲ ਫਿਰ ਸਾਬਣ ਨਾਲ ਬੜੀ ਸ਼ਰਧਾ ਨਾਲ ਇਸ਼ਨਾਨ ਕਰਾਇਆ। ਉਹ ਬੜਾ ਲਚ-ਲਚ ਕਰਦਾ ਸਰੀਰ, ਉਹ ਬੜੇ ਸੋਹਣੇ ਚਰਨ, ਜਿਨ੍ਹਾਂ ਚਰਨਾਂ ਨਾਲੋਂ ਮੈਂ ਕਦੇ ਵਿਛੜਨਾ ਨਹੀਂ ਸੀ ਚਾਹੁੰਦਾ। ਉਹ ਸੋਹਣਾ ਮੁੱਖ, ਜਿਸ ਮੁੱਖ ਦੇ ਦਰਸ਼ਨ ਕਰਕੇ ਅੱਖਾਂ ਨਹੀਂ ਸੀ ਰੱਜਦੀਆਂ। ਉਹ ਸੁੰਦਰ ਕੀਰਤਨ ਵਾਲੀ ਸ਼ਕਤੀ, ਜੋ ਗੁਰਬਾਣੀ ਦਾ ਕੀਰਤਨ ਕਰਕੇ ਸੜਿਆਂ ਹੋਇਆ ਮਨਾਂ ਨੂੰ ਹਰੇ ਭਰੇ ਕਰ ਦਿੰਦੀ ਸੀ। ਉਹ ਅੱਜ ਇਸ ਸਰੀਰ ਵਿਚ ਨਹੀਂ ਸੀ ਰਹੀ। ਉਹ ਸ਼ਕਤੀ ਕਿਥੇ ਚਲੀ ਗਈ।

**ਬਾਬਾ ਬੋਲਤੇ ਤੇ ਕਹਾਂ ਗਏ।**
**ਦੇਹੀ ਕੇ ਸੰਗਿ ਰਹਤੇ ॥**
**ਸੁਰਤਿ ਮਾਹਿ ਜੋ ਨਿਰਤੇ ਕਰਤੇ**
**ਕਥਾ ਬਾਰਤਾ ਕਹਤੇ ॥**

**(ਆਸਾ ਕਬੀਰ ਜੀ, ਪੰਨਾ 480)**

ਇਸ਼ਨਾਨ ਉਪਰੰਤ ਸੁੰਦਰ ਬਸਤਰ ਪਹਿਨਾਏ। ਦਾਸ ਨੇ ਅਰਦਾਸ ਕੀਤੀ। ਸੋਝੀ ਹੀ ਨਾ ਆਈ ਕਿ ਕਿਸੇ ਫੋਟੋਗ੍ਰਾਫਰ ਨੂੰ ਮੰਗਵਾ ਕੇ ਆਖਰੀ ਫੋਟੋ ਹੀ ਲੁਹਾ ਲੈਂਦੇ। ਉਸ ਮਹਾਨ ਵਿਅਕਤੀ ਦੀ ਯਾਦਗਾਰ ਰਹਿ ਜਾਂਦੀ। ਪਰ ਸਭ ਸਿਆਣਪਾਂ ਖਤਮ ਹੋ ਗਈਆਂ। ਜਥੇਦਾਰ ਊਧਮ ਸਿੰਘ ਜੀ ਨੇ ਇਕ ਪਾਸੇ ਆਪ ਅਰਥੀ ਨੂੰ ਮੋਢਾ ਦਿੱਤਾ। ਗਿਆਨੀ ਹਰਚਰਨ ਸਿੰਘ ਜੀ ਨੇ, ਭਗਤ ਸਰਦਾਰ ਸਿੰਘ ਜੀ ਨੇ ਅਤੇ ਦਾਸ ਨੇ ਭੀ ਮੋਢਾ ਦਿੱਤਾ। ਸੰਗਤਾਂ ਦਾ ਬੜਾ ਜ਼ੋਰ ਪੈ ਗਿਆ। ਬੜੀ ਮੁਸ਼ਕਲ ਨਾਲ ਸਸਕਾਰ ਅਸਥਾਨ, ਜੋ ਕੋਠੀ ਦੇ ਨਾਲ ਹੀ ਸੀ, ਜਿਥੇ ਅੱਜਕੱਲ੍ਹ ਗੁਰਦੁਆਰਾ ਸਾਹਿਬ ਹੈ, ਉਥੇ ਅਰਥੀ ਪਹੁੰਚੀ। ਚੰਦਨ ਦੀ ਲੱਕੜੀ, ਘਿਓ ਅਤੇ ਹੋਰ ਸਮੱਗਰੀ ਆਦਿ ਸਰੀਰ ਤੇ ਪਾਇਆ ਗਿਆ। ਭਗਤ ਸਰਦਾਰ ਸਿੰਘ ਜੀ ਨੇ ਆਪਣੇ ਹੱਥੀਂ ਲਾਂਬੂ ਲਾਇਆ। ਸਸਕਾਰ ਹੋ ਗਿਆ। ਕੀਰਤਨ ਸੋਹਿਲੇ ਦਾ ਪਾਠ ਅਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਇਸ ਤਰ੍ਹਾਂ 3 ਜੂਨ ਨੂੰ ਸਸਕਾਰ ਕੀਤਾ ਗਿਆ।

# General Secretary's Report on Activities of Baba Makhan Shah Lobana Foundation (Regd.) Sector-30A, Chandigarh



General Secretary
BMSL Foundation
Mob: 98725-13970

Er. Kulbir Singh Sujlana,
S.E, PB. (P.H) (Retd.)

Respected Members,

Sat Sri Akal. First of all I express my gratitude to the members of the Foundation and the Adhoc-Committee of Baba Makhan Shah Lobana Foundation (Regd.), Chandigarh for reposing faith in me as General Secretary to serve this Foundation. Though this Foundation is passing through a very critical phase at this juncture, when COVID-19 Pandemic is taking its toll and is likely to achieve its peak in the month of December-2020& January 2021, still our Adhoc Committee Membershave worked wholeheartedly with commitment, sincerity and full dedication in the best interest of this Foundation and we promise to continue to serve the foundation in future till the election of new Regular Management. Despite numerous difficulties in getting the important documents from the previous Management(which have been denied during this period of four months),we have been able to find some serious irregularities/blunders committed in the past which have even resulted in a financial loss to the Foundation anurgent and immediate steps are required to be taken for rectification of these serious irregularities/blunders with the cooperation and whole hearted support and teamwork of the members of the Adhoc Committee. The present six members of Adhoc Committee are working in tandem, discussing and doing all the works in a transparent manner and every members of the Adhoc Committee is contributing his bit. Unlike in the Previous Management, present working of this foundation is not a one-man show. Though the Present Management has a very limited mandate to work, but even then we have tried to maintain the prestigious status of this Institution which has been achieved through the hard work of our reveredPatrons, Donors, Past Presidents, General Secretaries, Finance Secretaries and manyother members since its inception in 1975.The brief activities carried out by the new Management since taking over the charge on 01/07/2020 are briefly given as under:

The Election of the New President and the Office Bearers could not be held upto 31/03/2020 due to COVID-19 Pandemic, Lockdown and restrictions on movement of people imposed by the Government. As per Constitution Article 12(a), the term of the previous Management, Office Bearers and the Executive Committee was extended upto 30/06/2020. However, the elections could not be held even upto this extended period of 30/06/2020 .The Office Bearers of the previous management and the Executive committee became defunct on 30/06/2020 and the Office Bearers automatically relinquished their charge on 30/06/2020.

**1. ASSUMPTION OF THE POWERS, FUNCTIONS AND DUTIES OF BABA MAKHAN SHAH LOBANA FOUNDATION (REGD.) W.E.F FROM 01/07/2020.**

In compliance of the provisions of Article 12(a) of the Constitution of BMSL Foundation (Regd.),the three immediate Past Presidents, (excluding those who relinquished their charge), namely

(i) Er. Harbhajan Singh, Dy, C.E. (Retd.) (Past-President)

(ii) S. Pritam Singh Naurangpur (Past-President)

(iii) S. Gurcharan Singh, ARO (Retd.) (Past-President)

assumed the Powers, Functions, Duties, Powers of Superintendence and Control of Administration as well as becameCustodians of the assets of BMSL Foundation (Regd.) w.e.f. 01/07/2020 (FIN) and elected S. Pritam Singh Naurangpur as the working President.

**2. FORMATION OF AD-HOC COMMITTEE.**

The three immediate past Presidents held a meeting on 01/07/2020 in which the Sh. Jagir Singh Lalia (Outgoing President) was also present. S. Pritam Singh Naurangpur was appointed as President(w) and six other Members of the Ad-hoc Committee were appointed as under :

1. S. Pritam Singh Naurangpur (Working President)
2. Er. HarbhajanSingh, Dy, C.E. (Retd.)(Past-President)-cum-Member
3. Er. GurcharanSingh, ARO (Retd.)(Past-President)-cum-Member
4. S. Jagir Singh Lalia, Ex-President (Member)
5. Er. Kulbir Singh Sujlana, S.E. (Retd.) (Member)
6. Maj. Narinjan Singh Multani, (Retd.) (Member)
7. Lect. Gulshan Kumar Singh, (Retd.)(Member)

The above Adhoc Committee unanimously selected Er. Kulbir Singh Sujlana, S.E. (Retd.) as General Secretary(w) and Lect. Gulshan Kumar Singh, (Retd.) as Finance Secretary(w).

**3. CANCELLATION OF FCRA (FOREIGN CONTRIBUTION REGULATION ACT) REGISTRATION CERTIFICATE OF BMSL FOUNDATION (REGD.) DUE TO NON-FILING OF FCRA RETURN FOR FY-2017-18 BY THE PREVIOUS MANAGEMENT AND THUS IMPOSITION OF PENALTY OF RS 97,595/= .**

(i) Submission of Annual Return to GOI under Section-18, FCRA read with Rule 17 FCRA 2011, for the Foreign Contribution Received by the Foundation is Mandatory. But the previous Management of BMSL Foundation, headed by S. Jagir Singh Lalia, failed to file the mandatory Annual Return for F.Y-2017-18 on FCRA portal upto 31/12/2018, and even upto the extended date of 31/03/2019, which is violation of Section 18 of the Act reads with rule 17 of FCRA rules 2011.

(ii) During the course of study of some letters from GOI, it came to the notice that due to non-submission of AR on FCRA portal, it was treated as violation under Section 18(1) of FCRA, 2010, read with section 17(1) of FCRA, 2011 and ,therefore, as a penal action under section 14 of the Act, Central Govt. cancelled the Registration Certificate of this Foundation (i.e. Registered Number-291420030R) vide GOI, MHA (Foreign Division) order dated 18 October, 2019. As a result of this violation, this Foundation, was required to deposit the entire amount of Foreign Exchange received during the F.Y 2017-18 i.e. Rs. 95,030/= along with penalty of Rs. 2570/= as penal amount. This is a very serious violation and lapse on the part of Ex-President, Sh. Jagir Singh Lalia and the Finance Secretary due to which this Foundation, cannot receive any Foreign Contributions in Future.

The matter was discussed with the three Empowered Past Presidents on 24/07/2020 who, in the best interest of this Foundation, approved that this penalty amount of Rs. 97,595/=should be paid immediately before 25/07/2020 i.e. the last date of deposit to GOI and also allow to immediate uploading ofAnnual FCRA Return for FY2017-18 on FCRA Portal which was Mandatory for applying for Fresh Registration. This payment was made online on 25/07/2020 and after completing all the formalities, Fresh Registration was applied on 20/08/2020. Fresh registration Certificate is stillawaited. The matter regarding fixing responsibilities for this loss of Rs.97, 600/=(Including online payment charges), to this Foundation shall be discussed in the meeting of Adhoc- Committee for further Action after calling explanation of Ex-President/Ex-General Secretary & Ex-Finance Secretary.

**4. PROVIDING, INSTALLING AND COMMISSIONING OF 50KWP SOLAR SYSTEM (NON CREDIT OF SUBSIDY IN BMSL FOUNDATION ACCOUNT FROM GOI AND NON HANDING OVER OF ORIGINAL AGREEMENT OF SOLAR SYSTEM BY THE PREVIOUS MANAGEMENT).**

It has been found that a 50KWp Solar System was installed in the month of March to June,2019 in the Baba Makhan Shah Lobana Foundation Bhawan, Sec-30A, Chandigarh. The Net Metering agreement with Electricity Department, Chandigarh was signed on 13/03/2019. The work of providing Solar System was allotted to Mahira Solar Division, Plot No-216,Industrial Area, Phase-9,Chandigarh vide President (S. Jagir Singh Lalia) letter No-5649 Dated 04/02/2019 at a cost of Rs.20,50,000/=. But there is no mention of credit of subsidy in BMSL

Foundation Account in this supplying,installation and commissioning Order which otherwise should have been a part of this.keeping the subsidy out of the solar system contract and Non Credit of subsidy in the Foundation's Account creates a doubt regarding loss of approximately Rs.6.15 Lakhs to the Foundation, which needs to be inquired. Even the Original Agreement signed with the above Firm is not available in the file. There are other serious irregularities committed as no Tender/Quotations were called by giving a notice, signatures of the Office Bearers do not appear on the collected quotations, non-preparation of technical specifications comparative statement and allotment of work by the Ex-President, Sh. Jagir Singh Lalia. In the absence of record which has not been handed over to Adhoc Committee, perusal of the Guidelines of CREST, Chandigarh, reveal that this work should have been executed through an authorized vendor of Chandigarh Administration to get the subsidy reimbursement. The full payment, amounting to Rs.20.50 Lakhs of the Private contractor has been released to him by the Ex-President without with holding an amount equivalent to the subsidy amount. An explanation of the Ex-President S. Jagir Singh Lalia has been called and further action shall be taken after receipt of his explanation.

**5. NO OBJECTION CERTIFICATE FROM MUNICIPAL CORPORATION CHANDIGARH REGARDING FIRE SAFETY EQUIPMENT INSTALLED IN BHAI MANI SINGH BLOCK, BMSL FOUNDATION (REGD.), CHANDIGARH.**

From the available record it has come to our Notice that though the Fire Safety Equipment in Bhai Mani Singh Block was installed and made operational during the period 2014-2016 and the Management of the Foundation during 2014-2017 had pursued this matter with Fire and Emergency Department of MC, Chandigarh, Inspections were also carried out but somehow NOC could not be obtained in that period. So farno record for further pursuing the matter during the period 2017-2020 is available or provided to the New Management by the previous Management. Matter was further discussed with the Fire Department which revealed that there was no correspondence during the period 2017 to till date and as such now a new case for NOC will have to be submitted online along with fee of Rs.10 per Sqm. Fire Safety NOC is mandatory for using this building. Due to non-action by the previous Management, update the Equipment installed and to remove the shortcomings, new Management will now have to pursue this matter from scratch to get the NOC.

**6. FORMATION OF EDITORIAL BOARD FOR LOBANA SEWAK MAGAZINE.**

The previous editorial board of Lobana Sewak Magazine became defunct on 30/06/2020. The process for formation of new board was started and it was unanimously constituted on 24/07/2020 as under:

| S.no | Designation | Name & Address | Name & Address |
|---|---|---|---|
| 1 | Chief Editor | S.Pritam Singh Naurangpur-(Working President)<br>*# 180, new Vijay Nagar , Jalandhar,*<br>*Mob :98140-48241* | |
| 2 | Addl. Chief Editors | (i) Er.Harbhajan Singh,Dy.C.E(Retd.)(Ex-President)<br>*# 576, Mota Singh Nagar, Jalandhar*<br>*Mob :98140-62091* | (ii) S.Gurcharan Singh,(Ex-President)<br># 117, Sector-35A, Chandigarh<br>Mob :98140-17067 |
| 3 | Editor | Er.Parminderjit Singh-(Ex- Editor & Sr.Vice President)<br># 524,GMT Jalandhar<br>Mob :99153-57524 | |
| 4 | Co-Editors | S.Surinder Singh Ruby(Ex-editor)<br>(ETO Retd.)<br>#HIG-16 S.F,GGS Avenue,Jalandhar<br>Mob:98141-28181 | |
| 5 | Advisors | (i) Er.Kulbir Singh Sujlana (General Secretary)<br>(S.E Retd.)<br># 139, Sector-70, SAS Nagar (Mohali)<br>Mob : 98725-13970 | (ii) Er.Naginder Singh-Legal Advisor<br>(Session Judge Retd.)<br>#1113, Urban estate Phase -1,Jalandhar<br>Mob :98159-02643 |
| | | (iii) Srdni.Harpreet Kaur Pelia, Ex-General Secretary<br># 2218, Sector-38-C,Chandigarh<br>Mob : 98763-58250 | (iv) S.Kashmir Singh- Ex-Advisor<br>#197,Jwala Nagar,Maqsudan,Jalandhar<br>Mob : 98150-01412 |

**7. FINANCIAL STATUS OF BABA MAKHAN SHAH LOBANA FOUNDATION AS ON 31-10-2020 I.E. 4 MONTHS :**

## Income & Expenditure Statement From 01-07-2020 to 31-10-2020

| S.No | Income | Amount | S.No | Expenditure | Amount | Remarks |
|---|---|---|---|---|---|---|
| 1 | Donation | 88,465.00 | 1 | Gst Deposited | 23,600.00 | |
| 2 | Corpus Fund | 96,695.00 | 2 | Maintenance & Repair | 89,288.00 | Previous Mgmt Liability of Rs.34500/= of garden maintenance bill for April, May,June 2020 cleared .Further Maintenance of garden bill from July to Sept,2020 for Rs.34500/= also paid |
| 3 | Misc. income | 29,130.00 | 3 | Hospitality & Refreshment | 27,712.00 | Rs.12,272/= bill for 1st and 4th July ,Adhoc Committee formation refreshment bill and Staff daily 2 times tea bill for 4 months of Rs.10,000/= included |
| 4 | Life Memership Fee | 744,000.00 | 4 | Honorarium to General Staff | 282,323.00 | |
| 5 | Income form Refund of I.T 2018-19 | 1,797.00 | 5 | Religious Function (Sangrad) | 8,460.00 | |
| 7 | GST Collected | 34,682.00 | 6 | Religious Function (Guru Ladho re) | 6,165.00 | |
| 8 | booking | 192,623.00 | 7 | Printing & Stationary | 60,476.00 | Previous Management Liability of Lobana Sewak Magazine Jan, 2020 & Feb ,2020 Bill of 55216/= cleared |
| 9 | Lobana Sewak | 1,100.00 | 8 | Medical Bio Waste | 1,600.00 | Previous Management Liability of medical biowaste bill cleared |
| 10 | Interest on SBI saving acc | 410.00 | 9 | Bank Charges | 542.11 | |
| | | | 10 | Telephone Charges | 7,079.00 | |
| | | | 11 | Foreign Exchange Penalty | 102,606.80 | Liabilities of the Previous Management cleared |
| | | | 12 | Insurance Charges | 44,662.00 | |
| | | | 13 | Property Tax | 125,778.00 | |
| | | | 14 | Electricity Charges | 18,765.00 | |
| | | | 15 | Water bill Expenses | 87,431.00 | Liablility of Water & sew. Bill of Rs.67,731/= from Jan,2020 to June,2020 of Previous Management cleared |
| | | | 16 | Misc. Expenses Mobile Van | 750.00 | |
| | | | 17 | New Computer Exp. | 47,700.00 | |
| | | | 18 | Furniture & Fixture | 2,550.00 | |
| | | | 19 | Postage Expenses | 700.00 | |
| | | | 20 | Conveyance expenses | 200.00 | |
| | | | 21 | Sanitary A/c | 8,417.00 | |
| | Total | 1,188,902 | | Total | 946,804.91 | |

This Management took over the charge of this Foundation on 01/07/2020 and previous Management had almost exhausted the funds available in all the Accounts except an amount of about Rs. 26,000/= in saving bank accounts and FDRs amounting to Rs.25 Lakhs.It is worth important to mention here that the previous management got funds including FDRs amounting to Rs. 40 Lakhs (Approx.) from its predecessor management headed by S. Gurcharan Singh, Ex-President. The outgoing Management alsoleft a huge liability for the period January, 2020 to June,2020 amounting to more than Rs.7.88 Lakhs, out of which we have cleared the liabilities amounting to Rs. 4.55 Lakhs and liabilities amounting to Rs. 3.33 Lakhs are still pending to be cleared. There was no running income to the Foundation due to COVID-19 Pandemic since April, 2020 to October, 2020. Due to the acutepaucity of funds, in emergent conditions, one FDR amounting to Rs. 5.12 Lakh had to be withdrawn prematurely to clear the liabilities created by the previous Management and day to day regular expenses of Salaries, Water Bill, Electricity Bill and Gardening mtc. contract etc. In view of the acute situation of funds, the Adhoc Committee members made strenuous efforts to collect the donations by making Life members etc. and starting booking of rooms and halls etc. in the Foundation premises after relaxation of COVID-19 Pandemic norms for social gathering upto 100 Members by the UT Administration. Due to these efforts we have collected donations amounting to Rs.1.86 Lakhs, bookings amounting to Rs.1.93 Lakhs and Life Membership Fees as 7.44 Lakhs etc. The major part of the collections /Donations has been done by : 1) Er. Harbans Singh (S.E Retd.) i.e. Rs.2.68 Lakhs, (2) S. Mohinder Singh, Ex-DSP Jalandhar i.e. Rs. 2.10 Lakhs, (3) Er. Harbhajan Singh (Dy CE Retd.) i.e. Rs.0.51 Lakhs, (4) Er. Gurcharan Singh (ARO Retd.) i.e. Rs. 0.30 Lakhs, (5) Er. Kulbir Singh Sujlana (S.E Retd.) i.e. Rs. 0.44 Lakhs, (6) Mrs. Harpreet Kaur Pelia i.e. Rs. 0.25 Lakhs etc. The FDRs withdrawn prematurely have been restored.

**8. UNFORTUNATE WILLFUL INCIDENTS OF MISCONDUCT AND INDISCIPLINE ON THE PART OF SOME SENIOR MEMBERS OF THE PREVIOUS MANAGEMENT THAT HAPPENED AFTER TAKING OVER OF THE CHARGE OF BMSL FOUNDATION (REGD.) BY THE NEW MANAGEMENT I.E. W.E.F 01/07/2020.**

After taking over the charge of the Affairs of the Foundation, some unfortunate and undesirable incidents of misconduct and indiscipline on the part of S. Jagir Singh Lalia, Ex-President and some other senior members in the previous Management, regarding tempering with the Foundation records, misbehaving etc., have happened which were detrimental not only to the prestige of this Foundation but also had denigrated the dignity of some Office Bearers of the new Management. After waiting for a pretty long time to see any improvement in the behavior of the above members, action under Disciplinary Article 15 had to be initiated by the Foundation. A three member Disciplinary Committee as per Article 15 of the Constitution, was constituted by the President and after receipt of the Inquiry report and recommendation of the Disciplinary Committee, which held S. Jagir Singh Lalia responsible for all acts of Misconduct & Misbehavior, the Adhoc Committee had to take the unfortunate decision of removing S. Jagir Singh Lalia, Ex-President from the membership of Adhoc Committee by 6 : 1 vote. To clear the facts on the vilification campaign launched by S. Jagir Singh Lalia , and his other Ex-Office Bearers, on whatsapp, a detailed report in Punjabi Language prepared by the Adhoc Committee has also been given separately by the three Past Presidents in this issue of the magazine.

**9. ELECTION OF THE NEW PRESIDENT**

This issue was discussed in detail in the Adhoc Committee meeting held on 21/11/2020. Unofficial conversation with the UT Administration was also discussed in the meeting. As per which the present time is not ripe for holding elections due to rising trend of second wave of COVID-19 Pandemic in UT Chandigarh. Holding elections at district levels or through online voting was not acceptable being contrary to the Constitution provisions .It was unanimously decided to update the voters list by 17-12-2020. Adhoc Committee members were requested to prepare a list of respectable persons of various districts of Punjab, Haryana, J&k and Himachal Pradesh who will verify the voters in their respective areas and submit the report to the Foundation by updating their telephone numbers, corrections in addresses and list of demised members etc. The Chandigarh Administration shall be approached in writing with the request to allow the Foundation to hold the elections in the premises of the Foundation i.e. Sector-30-A, Chandigarh very shortly.

# ਜਗੀਰ ਸਿੰਘ ਲਾਲੀਆ ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨੂੰ ਕਾਰਜਕਾਰੀ ਮੈਂਬਰ ਤੋਂ ਬਰਖਾਸਤ ਕਰਨ ਸੰਬੰਧੀ ਰਿਪੋਰਟ

**ਸ. ਜਗੀਰ ਸਿੰਘ ਲਾਲੀਆ, ਸਾਬਕਾ ਪ੍ਰਧਾਨ ਅਤੇ ਉਸ ਦੇ ਸਾਬਕਾ ਕਮੇਟੀ ਮੈਂਬਰਾਂ ਵਲੋਂ, ਮੌਜੂਦਾ ਐਡਹੌਕ ਕਮੇਟੀ ਦੇ ਰੋਜ ਮਰਾਂ ਦੇ ਕੰਮ-ਕਾਜ ਵਿੱਚ ਅੜਚਨਾਂ ਪਾਉਣ, ਅਹੁਦੇਦਾਰਾਂ ਨਾਲ ਦੁਰਵਿਵਹਾਰ ਕਰਨ ਅਤੇ ਐਡਹੌਕ ਕਮੇਟੀ ਦੇ ਮੈਂਬਰ ਵਜੋਂ ਫਾਉਂਡੇਸ਼ਨ ਦੇ ਰਿਕਾਰਡ ਨਾਲ ਛੇੜ-ਛਾੜ ਕਰਨ, ਮੌਜੂਦਾ ਪ੍ਰਬੰਧਕੀ ਢਾਂਚੇ ਵਿਰੁੱਧ ਵੱਟਸਐਪ ਤੇ ਦੁਸ਼ਟ ਪ੍ਰਚਾਰ ਕਰਕੇ ਮੈਬਰਾਂ ਨੂੰ ਗੁੰਮਰਾਹ ਕਰਨ ਸਬੰਧੀ, ਫਾਉਂਡੇਸ਼ਨ ਦੇ ਮੈਂਬਰਾਂ ਦੀ ਜਾਣਕਾਰੀ ਹਿੱਤ ਐਡਹੌਕ ਕਮੇਟੀ ਵਲੋਂ ਤੱਥਾਂ ਤੇਂ ਅਧਾਰਿਤ ਵਿਸਤਰਤ ਵੇਰਵਾ।**

ਸ. ਜਾਗੀਰ ਸਿੰਘ ਲਾਲੀਆ, ਸਾਬਕਾ ਪ੍ਰਧਾਨ ਅਤੇ ਉਸ ਦੇ ਸਾਬਕਾ ਕਮੇਟੀ ਮੈਂਬਰਾਂ ਵਲੋਂ, ਐਡਹੌਕ ਕਮੇਟੀ ਦੀ ਨਿਯੁਕਤੀ, ਇਸ ਦੇ ਕੰਮ-ਕਾਜ ਦੇ ਅਧਿਕਾਰ ਅਤੇ ਫਾਉਂਡੇਸ਼ਨ ਦੇ ਸਵਿਧਾਨ ਦੀ ਗਲਤ ਵਿਆਖਿਆ ਕਰਕੇ, ਮੌਜੂਦਾ ਐਡਹੌਕ ਕਮੇਟੀ ਦੇ ਕੰਮ-ਕਾਜ ਅਤੇ ਮੈਬਰਾਂ ਨੂੰ ਬਦਨਾਮ ਕਰਨ ਲਈ ਵੱਟਸਐੱਪ ਤੇ ਜੋ ਦੁਸ਼ਟ ਪ੍ਰਚਾਰ ਆਪਣੇ ਨਿੱਜੀ ਹਿੱਤਾ ਨੂੰ ਮੁੱਖ ਰੱਖ ਕਿ ਆਰੰਭਿਆ ਹੋਇਆ ਹੈ ਬਿੱਲਕੁਲ ਗਲਤ ਅਤੇ ਤੱਥਾ ਤੋਂ ਕੋਹਾਂ ਦੂਰ ਹੈ। ਜਿਸ ਸਬੰਧੀ ਤੱਥਾਂ ਦਾ ਵਿਸਤਰਤ ਵੇਰਵਾ ਹੇਠ ਲਿਖੇ ਅਨੁਸਾਰ ਮੈਂਬਰਾਂ ਦੀ ਸਹੀ ਜਾਣਕਾਰੀ ਹਿੱਤ ਦੇਣਾ ਪੈ ਰਿਹਾ ਹੈ:-

**ਐਡਹੋਕ ਕਮੇਟੀ ਦੀ ਚੋਣ** :- ਆਪ ਸਾਰੇ ਮੈਂਬਰ ਸਹਿਬਾਨ ਨੂੰ ਪਤਾ ਹੈ ਕਿ ਲੁਬਾਣਾ ਫਾਉਂਡੇਸ਼ਨ ਦੇ ਨਵੇਂ ਪ੍ਰਧਾਨ ਦੀ ਚੋਣ 29 ਮਾਰਚ 2020 ਨੂੰ ਹੋਣ ਵਾਲੀ ਸੀ ਪਰੰਤੂ ਕੋਵਿਡ-19 ਦੀ ਮਹਾਂਮਾਰੀ ਕਰਕੇ ਨਵੇਂ ਪ੍ਰਧਾਨ ਦੀ ਚੋਣ ਨਹੀਂ ਹੋ ਸਕੀ, ਜਿਸ ਕਰਕੇ ਫਾਉਂਡੇਸ਼ਨ ਦੇ ਸੰਵਿਧਾਨ ਦੀ ਧਾਰਾ 12 ਅਨੁਸਾਰ ਪੁਰਾਣੀ ਮੈਨੇਜਮੈਂਟ ਦੀ ਮਿਆਦ ਜੋ 31 ਮਾਰਚ 2020 ਨੂੰ ਖਤਮ ਹੋ ਗਈ ਸੀ, ਨੂੰ 30-06-2020. ਤੱਕ ਵਾਧਾ ਕੀਤਾ ਗਿਆ। ਪਰੰਤੂ ਕੋਵਿਡ-19 ਮਹਾਂਮਾਰੀ ਦਾ ਪ੍ਰਸਾਰ ਵੱਧਨ ਕਾਰਨ, ਨਵੇਂ ਪ੍ਰਧਾਨ ਦੀ ਚੋਣ ਮਿਤੀ-30-06-2020. ਤੱਕ ਵੀ ਨਾ ਹੋ ਸਕੀ ਅਤੇ ਸੰਵਿਧਾਨ ਦੀ ਉਕਤ ਮੱਦ ਅਨੁਸਾਰ ਫਾਉਂਡੇਸ਼ਨ ਦੀ ਪੁਰਾਣੀ ਸਾਰੀ ਮੈਨੇਜਮੈਂਟ ਕਮੇਟੀਆਂ ਮਿਤੀ-30-06-2020. ਨੂੰ ਆਪਣੇ ਆਪ ਭੰਗ ਹੋ ਗਈਆਂ ਅਤੇ ਸਾਰੇ ਆਹੁਦੇਦਾਰਾਂ ਵਲੋਂ ਆਪਣੇ ਚਾਰਜ ਸੰਵਿਧਾਨ ਅਨੁਸਾਰ ਮਿਤੀ-30-06-2020. ਨੂੰ ਤਿਆਗ ਦਿੱਤੇ ਗਏ ਅਤੇ ਇਹਨਾਂ ਅਹੁਦੇਦਾਰਾਂ ਨੂੰ ਅੱਗੇ ਮਿਤੀ-01-07-2020. ਤੋਂ ਕੰਮ-ਕਾਜ ਕਰਨ ਦੀ ਇਜਾਜ਼ਤ ਨਹੀਂ ਸੀ।

ਸੰਵਿਧਾਨ ਦੀ ਧਾਰਾ 12 ਅਨੁਸਾਰ ਮਿਤੀ-01-07-2020. ਤੋਂ ਫਾਉਂਡੇਸ਼ਨ ਦੇ ਸਾਰੇ ਕੰਮਾਂ ਦੀ ਜ਼ਿੰਮੇਵਾਰੀ ਅਤੇ ਅਧਿਕਾਰ ਤਿੰਨ ਸਾਬਕਾ ਪ੍ਰਧਾਨ (ਅਹੁਦੇ ਛੱਡਣ ਵਾਲੇ ਪ੍ਰਧਾਨ ਤੋਂ ਇਲਾਵਾ) ਇੰਜ. ਹਰਭਜਨ ਸਿੰਘ, ਸ. ਪ੍ਰੀਤਮ ਸਿੰਘ ਨਾਰੰਗਪੁਰ ਅਤੇ ਸ. ਗੁਰਚਰਨ ਸਿੰਘ ਵਲੋਂ ਸੰਭਾਲ ਕਰ ਲਈ ਗਈ। ਇਹਨਾਂ ਵਲੋਂ ਮੀਟਿੰਗ ਕਰਕੇ ਆਪਣੇ ਵਿੱਚੋਂ ਇੱਕ ਪ੍ਰਧਾਨ, ਸ. ਪ੍ਰੀਤਮ ਸਿੰਘ ਨੌਰੰਗਪੁਰ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ 6 ਹੋਰ ਮੈਬਰਾਂ ਦੀ ਨਿਯੁਕਤੀ ਕੀਤੀ ਗਈ। ਇਸ ਮੀਟਿੰਗ ਵਿੱਚ, ਸਾਬਕਾ ਪ੍ਰਧਾਨ ਸ. ਜਾਗੀਰ ਸਿੰਘ ਲਾਲੀਆ ਵੀ ਮੌਜੂਦ ਸਨ। ਨਵੀਂ ਐਡਹੌਕ ਕਮੇਟੀ ਵਿੱਚ ਸ. ਜਗੀਰ ਸਿੰਘ ਲਾਲੀਆ ਨੂੰ ਤਿੰਨਾਂ ਸਾਬਕਾ ਪ੍ਰਧਾਨਾਂ ਦੀ ਸਹਿਮਤੀ ਨਾਲ ਬਤੌਰ ਮੈਂਬਰ ਲੈ ਲਿਆ ਗਿਆ। ਇਸ ਕਮੇਟੀ ਵਿੱਚ ਇੰਜ. ਕੁਲਬੀਰ ਸਿੰਘ ਸੁਜਲਾਨਾ ਨੂੰ ਬਤੌਰ ਜਨਰਲ ਸਕਤਰ, ਲੈਕ. ਗੁਲਸ਼ਨ ਕੁਮਾਰ ਸਿੰਘ ਨੂੰ ਬਤੌਰ ਵਿੱਤ ਸਕੱਤਰ ਪ੍ਰਵਾਨ ਕੀਤਾ ਗਿਆ ਅਤੇ ਮੇਜਰ ਨਿਰੰਜਨ ਸਿੰਘ ਮੁਲਤਾਨੀ (ਰਿਟਾ.), ਨੂੰ ਬਤੌਰ ਮੈਂਬਰ ਲਿਆ ਗਿਆ। ਇਹ ਸਾਰੀ ਕਾਰਵਾਈ ਸਾਬਕਾ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਨੇ ਆਪਣੀ ਹੱਥ ਲਿਖਤ ਨਾਲ ਨਵੇਂ ਕਾਰਵਾਈ ਰਿਪੋਰਟ ਰਜਿਸਟਰ ਵਿੱਚ ਦਰਜ ਕੀਤੀ। ਉਕਤ ਸਥਿਤੀ ਸੰਵਿਧਾਨ ਦੇ ਅਨੁਸਾਰ ਹੈ ਜਦੋਂ ਕਿ ਸ. ਜਾਗੀਰ ਸਿੰਘ ਲਾਲੀਆ ਅਤੇ ਉਸ ਦੇ ਕੁਝ ਸਹਿਯੋਗੀਆਂ ਵਲੋਂ ਸੰਵਿਧਾਨ ਦੀ ਧਾਰਾ 12 ਦੀ ਵਿਆਖਿਆ, ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦੇ ਹੋਇਆਂ ਐਡਹੌਕ ਕਮੇਟੀ ਦੇ ਮੈਂਬਰਾਂ ਨੂੰ ਬਦਨਾਮ ਕਰਨ ਲਈ, ਗਲਤ ਕੀਤੀ ਜਾ ਰਹੀ ਹੈ।

ਸ. ਜਾਗੀਰ ਸਿੰਘ ਲਾਲੀਆ ਸਾਬਕਾ ਪ੍ਰਧਾਨ ਵਲੋਂ ਮਿਤੀ-01-07-2020. ਤੋਂ ਸ਼ੁਰੂ ਕਰਕੇ, ਐਡਹੌਕ ਕਮੇਟੀ ਦੇ ਕੰਮ-ਕਾਜ ਵਿੱਚ ਮੱਦਦ ਕਰਨ ਦੇ ਬਜਾਏ ਇਸ ਨੂੰ ਬਦਨਾਮ ਕਰਨ ਲਈ ਹੇਠ ਲਿਖੇ ਅਨੁਸਾਰ ਦੁਰਵਿਵਹਾਰ ਅਤੇ ਅਨੁਸਾਸ਼ਨਹੀਨਤਾ ਕਰਨੀ ਆਰੰਭ ਕਰ

ਦਿੱਤੀ। ਅਤੇ ਫਾਊਂਡੇਸ਼ਨ ਦੇ ਦਫਤਰ ਵਿੱਚ ਤਕਰੀਬਨ ਹਰ ਰੋਜ਼ ਆਪਣੇ ਸਾਥੀਆਂ ਨਾਲ ਆ ਕੇ, ਐਡਹੌਕ ਕਮੇਟੀ ਦੇ ਕੰਮ-ਕਾਜ ਵਿੱਚ ਵਿਗਨ ਪਾਉਣ ਦੀ ਕੋਸ਼ਿਸ਼ ਕੀਤੀ।

1. **ਕਾਰਵਾਈ ਰਿਪੋਰਟ ਰਜਿਸਟਰ ਵਿੱਚ ਕੱਟ-ਵੱਡ, ਵਾਧੂ ਇੰਦਰਾਜ ਅਤੇ ਓਵਰ ਰਾਇਟਿੰਗ ਕਰਕੇ ਕਾਰਵਾਈ ਰਿਪੋਰਟ ਵਿੱਚ ਟੈਂਪਰਿੰਗ ਕਰਨ ਸਬੰਧੀ** :- ਮਿਤੀ 01-07-2020. ਦੀ ਮੀਟਿੰਗ ਦੀ ਕਾਰਵਾਈ ਉਪਰੰਤ ਸ. ਜਾਗੀਰ ਸਿੰਘ ਲਾਲੀਆ ਸਾਬਕਾ ਪ੍ਰਧਾਨ, ਵਲੋਂ ਮੀਟਿੰਗ ਦਾ ਕਾਰਵਾਈ ਰਿਪੋਰਟ ਰਜਿਸਟਰ ਆਪਣੇ ਪਾਸ ਰੱਖ ਲਿਆ ਅਤੇ ਮੀਟਿੰਗ ਬਾਅਦ ਵਿੱਚ ਆਪਣੀ ਇਕੱਲੇ ਦੀ ਮਰਜ਼ੀ ਨਾਲ ਬਿਨ੍ਹਾਂ ਉਕਤ ਤਿੰਨਾਂ ਪ੍ਰਧਾਨਾਂ ਦੇ ਧਿਆਨ ਵਿੱਚ ਲਿਆਦਿਆਂ, ਆਪਣੇ ਕੁੱਝ ਚਹੇਤਿਆਂ ਦੇ ਨਾਮ, ਰਜਿਸਟਰ ਵਿੱਚ ਕੱਟ-ਵੱਡ, ਓਵਰ ਰਾਇਟਿੰਗ, ਛੇੜ-ਛਾੜ ਆਦਿ ਕਰਕੇ ਦਰਜ ਕਰ ਦਿੱਤੇ। ਜਦੋਂ ਐਡਹੌਕ ਕਮੇਟੀ ਦੇ ਬਾਕੀ ਮੈਬਰਾਂ ਨੂੰ ਸ. ਜਾਗੀਰ ਸਿੰਘ ਲਾਲੀਆ ਵਲੋਂ ਕੀਤੀ ਇਸ ਅਨ-ਅਧਿਕਾਰਿਤ ਕਾਰਵਾਈ ਬਾਰੇ ਪਤਾ ਲੱਗਾ ਤਾਂ ਕਮੇਟੀ ਵਲੋਂ ਦੁਬਾਰਾ ਮੀਟਿੰਗ ਕੀਤੀ ਗਈ ਅਤੇ ਫੈਸਲੇ ਮੁਤਾਬਿਕ ਇੱਕ ਲਿਖਤੀ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਸ. ਜਾਗੀਰ ਸਿੰਘ ਲਾਲੀਆ ਨੇ ਵੀ ਬਤੌਰ ਮੈਂਬਰ ਸਹਿਮਤੀ ਵਜੋਂ ਦਸਖਸਤ ਕੀਤੇ। ਸਬੂਤ ਵਜੋਂ ਸਬੰਧਿਤ ਕਾਰਵਾਈ ਰਜਿਸਟਰ ਅਸਲ ਰੂਪ ਵਿੱਚ ਫਾਊਂਡੇਸ਼ਨ ਦੇ ਦਫਤਰ ਵਿੱਚ ਮੌਜੂਦ ਹੈ। ਕੀ ਅਜਿਹੀ ਅਨ-ਅਧਿਕਾਰਿਤ, ਗੈਰ-ਜ਼ਿੰਮੇਵਾਰਾਨਾਂ ਅਤੇ ਅਨੁਸਾਸ਼ਨਹੀਨਤਾ ਦੀ ਉਮੀਦ ਇੱਕ ਸਾਬਕਾ ਪ੍ਰਧਾਨ ਦੇ ਅਹੁਦੇ ਤੇ ਰਹਿ ਚੁੱਕੇ ਮੈਂਬਰ, ਸ. ਜਾਗੀਰ ਸਿੰਘ ਲਾਲੀਆ ਵਲੋਂ ਕਰਨੀ ਸ਼ੋਭਾ ਦਿੰਦੀ ਹੈ?

2. **ਸਾਬਕਾ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਵਲੋਂ ਮਿਤੀ-01-07-2020. ਨੂੰ ਐਡਹੌਕ ਕਮੇਟੀ ਦੇ ਮੈਂਬਰਾਂ ਅਤੇ ਆਹੁਦੇਦਾਰਾਂ ਸਬੰਧੀ ਪਾਸ ਕੀਤੇ ਮੁੱਢਲੇ ਮਤੇ ਵਿੱਚ ਆਪਣੀ ਮਨਮਰਜੀ** :- ਮਿਤੀ-05-07-2020. ਨੂੰ, ਬਿਨ੍ਹਾਂ ਦੱਸੇ ਆਪਣੇ ਕੁਝ ਸਾਥੀਆਂ ਨਾਲ ਜਨਰਲ ਸਕੱਤਰ ਅਤੇ ਵਿੱਤ ਸਕੱਤਰ ਦੀ ਗੈਰ-ਹਾਜ਼ਰੀ ਵਿੱਚ ਉਨ੍ਹਾਂ ਦੇ ਦਫਤਰ ਅੰਦਰ ਵੜ ਗਏ। ਸ. ਅਮਰਜੀਤ ਸਿੰਘ ਘੋਤੜ੍ਹਾ ਸਾਬਕਾ ਜਨਰਲ ਸਕੱਤਰ, ਇੰਜ. ਕੁਲਬੀਰ ਸਿੰਘ ਸੁਜਲਾਨਾ ਦੀ ਕੁਰਸੀ ਤੇ ਬੈਠ ਗਏ ਤੇ ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ ਦੀ ਕੁਰਸੀ ਤੇ ਬੈਠ ਗਏ ਅਤੇ ਨਾਲ ਹੀ ਸਾਬਕਾ ਵਿੱਤ ਸਕੱਤਰ ਹਰਦਿਆਲ ਸਿੰਘ ਘੋਤੜਾ ਸ. ਜਗੀਰ ਸਿੰਘ ਲਾਲੀਆ ਦੇ ਸਾਹਮਣੇ ਬੈਠ ਗਏ। ਸਾਬਕਾ ਪ੍ਰਧਾਨ ਜਗੀਰ ਸਿੰਘ ਲਾਲੀਆ ਨੇ ਅਕਾਊਂਟ ਮੈਨੇਜਰ ਸ. ਸੁਰਿੰਦਰਜੀਤ ਸਿੰਘ ਚਾਵਲਾ ਪਾਸੋਂ ਸਬੰਧਿਤ ਰਿਕਾਰਡ ਫਾਇਲ ਲੈ ਲਈ, ਜਿਸ ਵਿੱਚ ਦੋ ਅਸਲ ਮਤੇ ਮਿਤੀ-01-07-2020. ਦੀਆਂ ਦੋ ਕਾਪੀਆਂ ਅਤੇ ਕੁੱਝ ਬੈਂਕ ਨਾਲ ਸਬੰਧਿਤ ਪੱਤਰ ਜੋ ਕਿ ਸਾਬਕਾ ਵਿੱਤ ਸਕੱਤਰ ਦੇ ਦਸਖਤ ਲਈ ਰੱਖੇ ਗਏ ਸਨ। ਸ. ਜਗੀਰ ਸਿੰਘ ਲਾਲੀਆ ਵਲੋਂ ਚਤੁਰਾਈ ਵਰਤਦੇ ਹੋਏ ਕਾਗ਼ਜ਼ਾਂ ਦੀ ਫੋਟੋ ਕਾਪੀ ਕਰਨ ਲਈ ਅਕਾਊਂਟ ਮੈਨੇਜਰ, ਸ. ਸੁਰਿੰਦਰਜੀਤ ਸਿੰਘ ਚਾਵਲਾ ਨੂੰ ਦਫਤਰ ਦੇ ਦੂਸਰੇ ਕਮਰੇ ਵਿੱਚ ਭੇਜ ਦਿੱਤਾ ਅਤੇ ਅਸਲ ਮਤੇ (ਰੈਜੋਲੇਸ਼ਨ) ਦੀਆਂ 2 ਕਾਪੀਆਂ ਆਪਣੇ ਪਾਸ ਰੱਖ ਲਈਆਂ। ਇਸ ਸਮੇਂ ਦੌਰਾਨ ਸ. ਜਾਗੀਰ ਸਿੰਘ ਲਾਲੀਆ ਨੇ ਇੱਕ ਮੁੱਢਲੇ ਮਤੇ ਵਿੱਚ ਲੜੀ ਨੰ.7 ਤੇ ਐਡਹੌਕ ਕਮੇਟੀ ਦੇ ਮੈਂਬਰ ਮੇਜਰ ਨਿਰੰਜਨ ਸਿੰਘ ਮੁਲਤਾਨੀ ਦਾ ਨਾਮ ਨੂੰ ਕੱਟ ਦਿੱਤਾ ਅਤੇ ਇਸ ਕਟਿੰਗ ਤੇ ਆਪਣੇ ਦਸਖਸਤ ਕਰ ਦਿੱਤੇ ਅਤੇ ਮਤੇ ਦੀ ਦੂਜੀ ਅਸਲ ਕਾਪੀ ਤਹਿ ਕਰਕੇ ਆਪਣੀ ਜੇਬ ਵਿੱਚ ਪਾ ਲਈ। ਇਹ ਸਾਰੀ ਕਾਰਵਾਈ ਸਬੂਤ ਵਜੋਂ ਸੀ.ਸੀ. ਟੀ.ਵੀ. ਕੈਮਰੇ ਵਿੱਚ ਕੈਦ ਹੋਈ ਹੈ ਅਤੇ ਫਾਊਂਡੇਸ਼ਨ ਦੇ ਦਫਤਰ ਵਿੱਚ ਰਿਕਾਰਡ ਵਜੋਂ ਉਪਲੱਬਧ ਹੈ।

ਕੀ ਅਜਿਹੀ ਰਿਕਾਰਡ ਵਿੱਚ ਆਪਣੀ ਮਰਜ਼ੀ ਨਾਲ ਕੱਟ-ਵੱਡ, ਰਿਕਾਰਡ ਚੋਰੀ ਕਰਨ ਸਬੰਧੀ ਅਨ-ਅਧਿਕਾਰਿਤ, ਗੈਰ-ਜ਼ਿੰਮੇਵਾਰਾਨਾਂ ਅਤੇ ਅਨੁਸਾਸ਼ਨਹੀਨਤਾ ਕਰਨਾ, ਇਸ ਸੰਸਥਾ ਦੇ ਸਾਬਕਾ ਪ੍ਰਧਾਨ ਦੇ ਅਹੁਦੇ ਤੇ ਰਹਿ ਚੁੱਕੇ ਮੈਂਬਰ ਸ. ਜਾਗੀਰ ਸਿੰਘ ਲਾਲੀਆ ਵਲੋਂ ਕਰਨੀ ਜਾਇਜ਼ ਹੈ?

3. **ਸਾਵਣ ਮਹੀਨੇ ਦੀ ਸੰਗਰਾਦ, ਮਿਤੀ-16-07-2020. ਨੂੰ ਮਨਾਉਣ ਤੋਂ ਬਾਅਦ ਸੰਸਥਾਂ ਦੀ ਲਾਇਬਰੇਰੀ ਵਿੱਚ ਜਨਰਲ ਸਕੱਤਰ ਅਤੇ ਸਟਾਫ ਨਾਲ ਦੁਰਵਿਵਹਾਰ ਕਰਨਾ ਅਤੇ ਹੁਲੜਬਾਜੀ ਕਰਨੀ** :- ਮਿਤੀ-16-07-2020. ਨੂੰ ਸਾਵਣ ਮਹੀਨੇ ਦੀ ਸੰਗਰਾਂਦ ਦੀ ਸਮਾਪਤੀ ਤੋਂ ਬਾਅਦ, ਲਾਇਬਰੇਰੀ ਵਿੱਚ ਸਾਬਕਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਮੇਤ ਕੁੱਝ ਔਰਤਾਂ ਐਡਹੌਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਤੇ ਕਾਰਜਕਾਰੀ ਵਿੱਤ ਸਕੱਤਰ ਨਾਲ ਕੁੱਝ ਚਰਚਾ ਕਰ ਰਹੇ ਸਨ। ਕਾਰਜਕਾਰੀ ਪ੍ਰਧਾਨ ਨੇ ਕਾਰਜਕਾਰੀ ਜਨਰਲ ਸਕੱਤਰ, ਜੋ ਬਾਹਰ ਖੜ੍ਹੇ ਸਨ, ਨੂੰ ਅੰਦਰ ਲਾਇਬਰੇਰੀ ਵਿੱਚ ਬੁਲਾਇਆ। ਜਨਰਲ ਸਕੱਤਰ ਦੇ ਅੰਦਰ ਪਹੁੰਚਣ ਤੋਂ ਬਾਅਦ ਸਾਬਕਾ ਪ੍ਰਧਾਨ ਜਗੀਰ ਸਿੰਘ ਲਾਲੀਆ ਅਤੇ ਉਹਨ੍ਹਾਂ ਦੀ ਸਾਬਕਾ ਮੈਨੇਜਮੈਂਟ ਦੇ ਮੈਂਬਰਾਂ ਨੇ ਸਾਬਕਾ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਮੈਂਬਰ ਸ. ਚਰਨਜੀਤ ਸਿੰਘ ਨੇ ਅਨ-ਅਧਿਕਾਰਤ ਅਤੇ ਬੇ-ਲੋੜੇ ਸਵਾਲ ਤੇਂ ਬਹਿਸ ਕੀਤੀ। ਇਹਨਾਂ ਸਾਬਕਾ ਮੈਬਰਾਂ ਵਲੋਂ ਕਾਫੀ ਗਰਮਾ-ਗਰਮੀ ਨਾਲ ਜਨਰਲ ਸਕੱਤਰ ਦੀ ਕੰਮ-ਕਾਜ ਬਾਰੇ ਟਿੱਪਣੀ ਕੀਤੀ। ਇਸ ਤੇ ਜਨਰਲ ਸਕੱਤਰ ਵਲੋਂ ਪ੍ਰਧਾਨ ਜੀ ਨੂੰ ਕਿਹਾ ਕਿ ਜੋ ਵੀ ਚਰਚਾ ਕਰਨੀ ਹੈ ਉਹ ਅਲੱਗ ਵਿੱਚ ਐਡਹੌਕ ਕਮੇਟੀ ਮੀਟਿੰਗ ਵਿੱਚ ਕਰਨੀ ਚਾਹੀਦੀ ਹੈ, ਨਾ ਕਿ ਆਜਿਹੇ ਆਮ ਪਬਲਿਕ ਇਕੱਠ ਵਿੱਚ ਕੀਤੀ ਜਾਵੇ। ਇਸ ਤੇ ਇੱਕ-ਦਮ ਸਾਬਕਾ ਮੈਨੇਜਮੈਂਟ ਦੇ ਉਕਤ ਮੈਂਬਰ ਜਨਰਲ ਸਕੱਤਰ ਵੱਲ ਗੁੱਸੇ ਨਾਲ ਅਗੇ ਵੱਧੇ ਅਤੇ ਭੱਦੀ ਸ਼ਬਦਾਂਬਲੀ ਦੀ ਵਰਤੋਂ ਕਰਨ ਲੱਗੇ, ਜਦੋਂ ਕਿ ਉੱਥੇ ਵਰਕਿੰਗ ਪ੍ਰਧਾਨ, ਵਰਕਿੰਗ ਵਿੱਤ ਸਕੱਤਰ ਅਤੇ ਹੋਰ ਸੂਝਵਾਨ ਮੈਂਬਰ ਵੀ ਮੌਜੂਦ ਸਨ। ਇਸ ਲਈ ਜਨਰਲ ਸਕੱਤਰ ਵਲੋਂ ਇਹਨਾਂ ਸਾਬਕਾ ਮੈਂਬਰਾਂ ਵਲੋਂ ਗਰਮ ਮਾਹੌਲ ਨੂੰ ਮਹਿਸੂਸ ਕਰਦੇ ਹੋਏ, ਸੰਸਥਾਂ ਦੇ ਹਿੱਤਾਂ ਵਿੱਚ ਲਾਇਬਰੇਰੀ ਤੋਂ ਬਾਹਰ ਆਪਣੇ ਦਫਤਰ ਵਿੱਚ ਜਾਣਾ ਠੀਕ ਸਮਝਿਆ।

ਕੀ ਮੌਜੂਦਾ ਐਡਹੌਕ ਕਮੇਟੀ ਦੇ ਅਹੁਦੇਦਾਰ ਦੇ ਵਿਰੁੱਧ ਭੱਦੀ ਸ਼ਬਦਾਵਲੀ ਸਾਬਕਾ ਪ੍ਰਧਾਨ ਦੇ ਆਹੁਦੇ ਤੇ ਰਹਿ ਚੁੱਕੇ ਮੈਂਬਰ ਸ. ਜਾਗੀਰ ਸਿੰਘ ਲਾਲੀਆ ਵਲੋਂ ਕਰਨੀ ਜਾਇਜ਼ ਹੈ?

**4. ਮਿਤੀ-24-07-2020. ਨੂੰ ਸ. ਜਾਗੀਰ ਸਿੰਘ ਲਾਲੀਆ ਵਲੋਂ ਦਫਤਰੀ ਨੋਟਿੰਗ ਫਾਇਲ ਖੋਹਣ ਦੇ ਬਾਰੇ ਕੋਸ਼ਿਸ਼ ਬਾਰੇ** :- ਮਿਤੀ-24-07-2020. ਨੂੰ ਸ. ਜਗੀਰ ਸਿੰਘ ਲਾਲੀਆ, ਜਨਰਲ ਸਕੱਤਰ ਇੰਜ. ਕੁਲਬੀਰ ਸਿੰਘ ਸੁਜਲਾਣਾ ਦੇ ਦਫਤਰ ਵਿੱਚ, ਜਦੋਂ ਜਨਰਲ ਸਕੱਤਰ ਆਪਣੇ ਸੰਸਥਾਂ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਨੌਰੰਗਪੁਰ, ਪਾਸੋਂ ਸੰਸਥਾ ਦੇ ਦਫਤਰੀ ਕੰਮ ਕਾਜ ਸਬੰਧੀ ਪ੍ਰਵਾਨਗੀਆਂ ਨੋਟਿੰਗ ਫਾਇਲ ਤੇ ਲੈ ਰਹੇ ਸਨ, ਇੱਕਦਮ ਦਾਖਲ ਹੋਏ ਅਤੇ ਜਿਸ ਸਮੇਂ ਦਫਤਰ ਵਿੱਚ ਬਹੁਤ ਸਾਰੇ ਮੈਂਬਰ ਜਿਵੇਂ ਕਿ ਸਾਬਕਾ ਪ੍ਰਧਾਨ ਗੁਰਚਰਨ ਸਿੰਘ, ਵਿੱਤ ਸਕੱਤਰ ਲੈਕ. ਗੁਲਸ਼ਨ ਕੁਮਾਰ ਸਿੰਘ, ਐਡਹੌਕ ਕਮੇਟੀ ਮੈਂਬਰ ਮੇਜਰ ਨਿਰੰਜਨ ਸਿੰਘ ਮੁਲਤਾਨੀ, ਸ. ਜਸਪਾਲ ਸਿੰਘ, ਇੰਜ. ਪਰਮਿੰਦਰਜੀਤ ਸਿੰਘ, ਸਾਬਕਾ ਸੀਨੀਅਰ ਮੀਤ ਪ੍ਰਧਾਨ, ਸ. ਨਿਰਮਲ ਸਿੰਘ, ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਸਾਬਕਾ ਵਿੱਤ ਸਕੱਤਰ ਹਰਦਿਆਲ ਸਿੰਘ ਘੋਤੜਾ ਹਾਜ਼ਰ ਸਨ। ਜਦੋਂ ਪ੍ਰਧਾਨ ਜੀ ਵਲੋਂ ਆਖਰੀ ਨੋਟਿੰਗ ਤੇ ਦਸਖਸਤ ਕੀਤੇ ਤਾਂ ਇੱਕਦਮ ਸ. ਜਗੀਰ ਸਿੰਘ ਲਾਲੀਆ ਸਾਬਕਾ ਪ੍ਰਧਾਨ ਵਲੋਂ ਨੋਟਿੰਗ ਫਾਇਲ ਜੋ ਜਨਰਲ ਸਕੱਤਰ ਦੇ ਹੱਥ ਵਿੱਚ ਸੀ, ਖੋਹਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ, ਪਰੰਤੂ ਜਨਰਲ ਸਕਤਰ ਵਲੋਂ ਇਹ ਫਾਇਲ ਖਿੱਚ ਕੇ ਬਚਾਈ ਗਈ।

ਕੀ ਨੋਟਿੰਗ ਫਾਇਲ ਖੋਹਣ ਦੀ ਉਪਰੋਕਤ ਹਰਕਤ ਕਰਨਾ, ਸੰਸਥਾ ਦੇ ਪ੍ਰਧਾਨ ਰਹਿ ਚੁੱਕੇ ਸ਼ਖਸ਼, ਸ. ਜਾਗੀਰ ਸਿੰਘ ਲਾਲੀਆ ਵਲੋਂ ਕਰਨਾ ਅਨੁਸਾਸ਼ਨਹੀਣਤਾ, ਦੁਰਵਿਵਹਾਰ ਪ੍ਰਗਟ ਕਰਦੀ ਕੋਝੀ ਕਾਰਵਾਈ ਨਹੀਂ ਹੈ?

**5. ਮਿਤੀ-20-09-2020. ਨੂੰ ਐਡਹੌਕ ਕਮੇਟੀ ਦੀ ਮੀਟਿੰਗ ਦੌਰਾਨ ਕਾਰਵਾਈ ਰਿਪੋਰਟ ਰਜਿਸਟਰ ਵਿੱਚ ਸਾਰੇ ਆਹੁਦੇਦਾਰਾਂ ਦੀ ਹਾਜ਼ਰੀ ਵਿੱਚ ਬਿਨਾਂ ਪ੍ਰਵਾਨਗੀ ਤੋਂ ਕੱਟ-ਵੱਡ ਕਰਨਾ** :- ਮਿਤੀ-20-09-2020. ਨੂੰ ਐਡਹੌਕ ਕਮੇਟੀ ਦੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਸਾਬਕਾ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਵੀ ਬਤੌਰ ਮੈਬਰ ਸ਼ਾਮਿਲ ਹੋਏ। ਪਰੰਤੂ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਾਰਵਾਈ ਰਜਿਸਟਰ ਵਿੱਚ ਹਾਜ਼ਰੀ ਲਗਾਉਂਦੇ ਸਮੇਂ, ਸ. ਜਗੀਰ ਸਿੰਘ ਲਾਲੀਆ ਨੇ ਫਿਰ ਕੁਤਾਹੀ ਕਰਦੇ ਹੋਏ ਰਜਿਸਟਰ ਵਿੱਚ ਆਪਣੀ ਮਨਮਰਜ਼ੀ ਨਾਲ ਲੜੀ ਨੰ-7 ਤੇ ਦਰਜ ਮੈਂਬਰ ਮੇਜਰ ਨਿਰੰਜਨ ਸਿੰਘ ਮੁਲਤਾਨੀ ਦੇ ਨਾਮ ਅਤੇ ਟੈਲੀਫੋਨ ਨੰਬਰ ਇਤਆਦਿ ਤੇ ਪੂਰੀ ਕਟਿੰਗ ਕਰ ਦਿੱਤੀ ਅਤੇ ਆਪਣੇ ਦਸਖਸਤ ਕਰ ਦਿੱਤੇ ਜੋ ਕਿ ਪ੍ਰਧਾਨ ਅਤੇ ਐਡਹੌਕ ਦੇ ਹਾਜ਼ਰ ਮੈਂਬਰਾਂ ਵਲੋਂ ਬਹੁਤ ਮੰਦਭਾਗਾ ਗਿਣਿਆ ਗਿਆ ਅਤੇ ਅਜਿਹੀ ਅਨੁਸਾਸ਼ਨਹੀਣਤਾ ਅਤੇ ਦੁਰਵਿਵਹਾਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਮੀਟਿੰਗ ਬਰਖਾਸਤ ਕਰਨੀ ਪਈ।

ਸ. ਜਗੀਰ ਸਿੰਘ ਲਾਲੀਆ ਵਲੋਂ ਵਾਰ-ਵਾਰ ਦੁਰਵਿਵਹਾਰ ਅਤੇ ਅਨੁਸਾਸ਼ਿਨਹੀਨਤਾ ਦੀਆਂ ਕੀਤੀਆਂ ਜਾ ਰਹੀਆਂ ਕੋਝੀਆਂ ਕਾਰਵਾਈਆਂ ਜੋ ਸੰਸਥਾ ਦੇ ਕੰਮ-ਕਾਜ ਵਿੱਚ ਇੱਕ ਵੱਡਾ ਰੋੜਾ ਬਣ ਰਹੀਆਂ ਸਨ, ਨੂੰ ਦੂਰ ਕਰਨ ਲਈ ਐਡਹੌਕ ਕਮੇਟੀ ਦੀ ਮਿਤੀ-27-09-2020. ਨੂੰ ਸਪੈਸ਼ਲ ਜ਼ਰੂਰੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਇਸ ਵਿਅਕਤੀ ਵਿਰੁੱਧ ਸੰਵਿਧਾਨ ਦੀ ਧਾਰਾ 15 ਆਧੀਨ ਅਨੁਸਾਸ਼ਨਿਕ ਕਾਰਵਾਈ ਕਰਨ ਤੇ ਵਿਚਾਰ ਕਰਦੇ ਹੋਏ ਐਡਹੌਕ ਕਮੇਟੀ ਵਲੋਂ ਪ੍ਰਵਾਨ ਕੀਤਾ ਗਿਆ। ਐਡਹੌਕ ਕਮੇਟੀ ਵਲੋਂ ਸੰਵਿਧਾਨ ਵਿੱਚ ਵਿਵਸਥਾ ਅਨੁਸਾਰ ਤਿੰਨ ਮੈਂਬਰੀ ਅਨੁਸਾਸ਼ਿਤ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਇਸ ਕਮੇਟੀ ਨੂੰ ਉਕਤ ਪੰਜਾਂ ਦੋਸ਼ਾਂ ਦੀ ਪੜਤਾਲ ਕਰਕੇ ਆਪਣੀ ਰਿਪੋਰਟ ਅਤੇ ਸਿਫਾਰਿਸ਼ ਮਿਤੀ-08-10-2020. ਤੱਕ ਦੇਣ ਲਈ ਬੇਨਤੀ ਕੀਤੀ ਗਈ। ਅਨੁਸਾਸ਼ਨਿਕ ਕਮੇਟੀ ਵਲੋਂ ਆਪਣੀ ਇਨਕੁਆਰੀ ਆਰੰਭ ਕਰਦੇ ਹੋਏ ਸ. ਜਗੀਰ ਸਿੰਘ ਲਾਲੀਆ ਨੂੰ ਆਪਣਾ ਪੱਖ ਪੇਸ਼ ਕਰਨ ਲਈ ਦੋ ਵਾਰ (ਮਿਤੀ-05-09-2020 ਅਤੇ ਮਿਤੀ-08-09-2020) ਲਿਖਤੀ ਸੱਦਾ ਭੇਜਿਆ ਗਿਆ ਪਰੰਤੂ ਸ. ਜਗੀਰ ਸਿੰਘ ਲਾਲੀਆ ਵਲੋਂ ਸਬੰਧਿਤ ਸੱਦਾ ਪੱਤਰ ਪ੍ਰਾਪਤ ਕਰਨ ਤੋਂ ਇਨਕਾਰੀ ਕਰ ਦਿੱਤੀ ਅਤੇ ਅਨੁਸਾਸ਼ਨਿਕ ਕਮੇਟੀ ਦੇ ਸਨਮੁੱਖ ਪੇਸ਼ ਨਹੀਂ ਹੋਏ। ਅਨੁਸਾਸ਼ਨਿਕ ਕਮੇਟੀ ਵਲੋਂ ਮੌਜੂਦਾ ਰਿਕਾਰਡ, ਮੌਜੂਦ ਸਬੰਧਿਤ ਮੈਂਬਰਾਂ ਦੇ ਬਿਆਨਾਂ ਦੇ ਆਧਾਰ ਤੇ ਇਨਕੁਆਰੀ ਕਰਕੇ ਸ. ਜਗੀਰ ਸਿੰਘ ਲਾਲੀਆ ਨੂੰ ਉਕਤ ਪੰਜਾਂ ਦੋਸ਼ਾਂ ਲਈ ਦੋਸ਼ੀ ਪਾਇਆ ਗਿਆ। ਮਿਤੀ-26-10-2020. ਨੂੰ ਐਡਹੌਕ ਕਮੇਟੀ ਦੀ ਮੀਟਿੰਗ ਵਿੱਚ ਅਨੁਸਾਸ਼ਨਿਕ ਕਮੇਟੀ ਵਲੋਂ ਪ੍ਰਾਪਤ ਹੋਈ ਰਿਪੋਰਟ ਸ. ਜਾਗੀਰ ਸਿੰਘ ਲਾਲੀਆ ਨੂੰ ਪੜ੍ਹ ਕੇ ਸੁਣਾਈ ਗਈ ਅਤੇ ਸਿਫਾਰਸ਼ ਨੂੰ ਪ੍ਰਵਾਨ ਕਰਦੇ ਹੋਏ ਸ. ਜਗੀਰ ਸਿੰਘ ਲਾਲੀਆ ਨੂੰ ਐਡਹੌਕ ਕਮੇਟੀ ਦੇ ਮੈਂਬਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ।

ਉਪਰੋਕਤ ਜਾਣਕਾਰੀ ਤੱਥਾ ਤੇ ਆਧਾਰਿਤ ਹੈ।

**(ਗੁਰਚਰਨ ਸਿੰਘ)**
**ਮੈਂਬਰ ਐਡਹੌਕ ਕਮੇਟੀ**

**(ਹਰਭਜਨ ਸਿੰਘ)**
**ਮੈਂਬਰ ਐਡਹੌਕ ਕਮੇਟੀ**

**(ਪ੍ਰੀਤਮ ਸਿੰਘ ਨੌਰੰਗਪੁਰ)**
**ਵਰਕਿੰਗ ਪ੍ਰਧਾਨ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ

**In this Article, water, Its Constitutients, Necessity of taking Potable water, desirable and non-desirable elements present in water, their permissible limits for human consumption, Diseases, Purification of water, RO System, Disinfection, Availability & Quality of drinking water in various Districts of Punjab state, coverage of Punjab villages and other habitations with potable water etc. shall be discussed briefly for basic knowledge.**

# WATER AND POTABLE WATER



**Er. Kulbir Singh Sujlana,**
**S.E, PB. (P.H) (Retd.)**
**General Secretary**



**WATER :** Water is an inorganic, transparent, tasteless, odorless, and nearly colorless chemical substance, which is the main constituent of Earth's hydrosphere. It is vital for sustenance of all known forms of life, even though it provides no calories or organic nutrients. Its chemical formula is $H_2O$, meaning that each of its molecules contains one oxygen and two hydrogen atoms "Water" is the name of the liquid state of $H_2O$ at standard ambient temperature and pressure. It’s solid state is snow or ice. liquid state is water and gaseous state is steam or vapours. Water covers about 71% of the Earth's surface, mostly in seas and oceans, small portions of water occur as groundwater (1.7%). Water plays an important role in the world economy. Approximately 70% of the freshwater used by humans goes to agriculture. Water is considered as a universal solvent.

A normal human body contains about 60% to 70% of water which clearly indicates the importance of drinking clean water for good health. It is rightly said that health is the real wealth. Intake of contaminated water in the body is a cause of many diseases. The Gurbani Quote, “ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ॥” also shows the due importance given to the water. Clean water is not only required for drinking but also for sanitation purposes, washing of clothes, bathing, cooking and cleaning of utensils etc.

**POTABLE WATER OR DRINKING WATER :** Potable water is thewater that is safe to drink or to use for food preparation. The amount of drinking water required to maintain good health varies, and depends on physical activity level, age, health-related issues, and environmental conditions etc. The World Health Organization considers access to safe drinking-water a basic human right. About 1 to 2 billion people in the world lack safe drinking water, a problem that causes about 30,000 deaths each week. More people die from unsafe water than from war. Drinking of water, much in excess ofthe requirement of the body is harmful to human body.

**IMPORTANCE OF WATER FOR HUMAN BODY :** Water helps in various functions of the body some of which are being listed as under:

1) Water helps in creating saliva which includes some amounts of electrolyte, mucus and enzymes which are essential for breaking down the solid food we eat.

2) Water regulates our body temperature. Our body loses water through sweat during physical activity and in hot environment. Sweat keeps the

body cool and sweating more than usual makes us drink plenty of water to avoid dehydration.

3) Water protects our tissues, spinal cord and joints. Water consumption helps in lubricating and cushioning our joints, spinal cord and tissues and thus lessens the discomfort by arthritis.

4) Water helps in excreting waste through perspiration, urination and defecation. Water in the body system helps to have healthy stool avoiding constipation. Adequate water intake helps the kidneys to work efficiently and thus helps in preventing deposition of stones in thekidneys.

5) Water helps in digestion. Water keeps the food we eat moving along through I ntestines and keeps our intestines smooth and flexible too. Water breaks the food we eat which helps to absorb the nutrients, which aids digestion.

6) Water helps in absorption of nutrients in the body. Water helpsin dissolving vitamins, minerals and other nutrients from the food we take and then delivers these vitamin components to the rest of our body.

7) Water improves blood oxygen circulation. Water carries helpful nutrients and oxygen to our entire body which helps in improving our blood circulation that has a positive impact on our health.

8) Drinking water helps in activating our metabolism which is directly associated with a positive effect on our energy level.

9) Water helps in improving our mood. Insufficient water may cause dehydration which may result in fatigue and confusion as well as anxiety.

10) Water helps in keeping skin bright. Sufficient water intake helps in keeping our skin hydrated and may promote collagen production. However water intake alone is not enough to reduce the effects of aging because this process has a connection to our genes and overall sun protection.

11) Water prevents overall dehydration. Intake of sufficient water is imperative to many bodily functions and dehydration can be very dangerous.

**DRINKING WATER IN EXCESS :** Drinking water much in excess of the requirements of our body can damage our body and cause Hyponatraemia i.e. water intoxication Hypona-trapemia occurs whensodium in blood which is needed for muscle contraction and sending nerve impulses drops to a dangerously low level.

**98725-13970**

**To be Continued…**

# ਸੂਚਨਾ ਹਿੱਤ ਨੋਟਿਸ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ-30-ਏ ਚੰਡੀਗੜ੍ਹ ਦੇ ਸਮੂਹ ਮੈਂਬਰਾਂ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਇਸ ਸੰਸਥਾ ਦੇ ਰੈਗੂਲਰ ਪ੍ਰਧਾਨ ਸਹਿਬਾਨ ਦੀ ਚੋਣ ਪ੍ਰਕਿਰਿਆ ਆਰੰਭਦੇ ਹੋਏ, ਐਡਹੌਕ ਕਮੇਟੀ ਦੀ ਮਿਤੀ-21-11-2020 ਨੂੰ ਹੋਈ ਮੀਟਿੰਗ ਵਿਚ ਲਏ ਫੈਸਲੇ ਅਨੁਸਾਰ, ਵੋਟਰ ਲਿਸਟ ਦੀ ਅੱਪਡੇਸ਼ਨ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ। ਵੋਟਰ ਲਿਸਟ ਨੂੰ ਫਾਊਂਡੇਸ਼ਨ ਦੀ ਵੈੱਬ ਸਾਈਟ- www.lobanafoundation.org/wp-admin ਤੇ ਪਾ ਦਿੱਤਾ ਗਿਆ ਹੈ। ਸਾਰੇ ਮੈਂਬਰ ਇਸ ਲਿਸਟ ਨੂੰ ਦੇਖ ਕੇ, ਨਾਮ-ਪਤਾ ਜਾਂ ਮੋਬਾਇਲ ਨੰ. ਆਦਿ ਵਿਚ ਕਰਨ ਵਾਲੀ ਸੋਧ ਲਈ ਫਾਊਂਡੇਸ਼ਨ ਦੀ ਈ-ਮੇਲ- lobanafoundation@gmail.com ਜਾਂ ਮੋਬਾਇਲ ਨੰ. 73470-65188 ਤੇ ਵੀ ਸੂਚਨਾ ਦੇ ਸਕਦੇ ਹਨ। ਜੇ ਕਿਸੇ ਮੈਂਬਰ ਦਾ ਨਾਮ ਗਲਤੀ ਨਾਲ ਵੋਟਰ ਲਿਸਟ ਵਿਚ ਦਰਜ ਹੋਣ ਤੋਂ ਰਹਿ ਗਿਆ ਹੋਵੇ ਅਤੇ ਜਿਹੜੇ ਮੈਂਬਰ ਸਾਹਿਬਾਨਾਂ ਦੇ ਮੈਂਬਰ ਕਾਰਡ ਨਹੀਂ ਹਨ ਤਾਂ ਉਹ ਵੀ ਇਸ ਸਬੰਧੀ ਸੂਚਨਾ ਉਕਤ ਦਰਸਾਈ ਈ-ਮੇਲ ਜਾਂ ਫੋਨ ਨੰਬਰ ਤੇ ਭੇਜਣ ਦੀ ਖੇਚਲ ਕਰਨ ਜੀ। ਮਿਤੀ-31-12-2020 ਤੋਂ ਬਾਅਦ ਇਸ ਲਿਸਟ ਵਿਚ ਕਿਸੇ ਤਰ੍ਹਾਂ ਦੀ ਵੀ ਸੋਧ ਨਹੀਂ ਹੋ ਸਕੇਗੀ।

**ਆਪ ਜੀ ਦਾ ਸ਼ੁਭ ਚਿੰਤਕ**

**(ਕੁਲਬੀਰ ਸਿੰਘ ਸੁਜਲਾਣਾ) (ਐੱਸ.ਈ. ਸੇਵਾ ਮੁਕਤ)**

**ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30 ਏ ਚੰਡੀਗੜ੍ਹ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ

ਕਿਰਪਾਲ ਸਿੰਘ ਰਿਸਰਚ ਸਕਾਲਰ



ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਸੰਗਠਤ ਅਦਾਲਤੀ ਢਾਂਚੇ ਜਾਂ ਨਿਆਂਇਕ ਪ੍ਰਣਾਲੀ ਦਾ ਗਠਨ ਨਹੀਂ ਕੀਤਾ। ਇਸ ਦਾ ਮਤਲਬ ਇਹ ਵੀ ਨਹੀਂ ਕਿ ਜਨਤਾ ਨੂੰ ਨਿਆਂ ਹੀ ਨਹੀਂ ਮਿਲਦਾ ਸੀ ਅਤੇ ਜੰਗਲ ਦਾ ਰਾਜ ਸੀ। ਜੋ ਨਿਆਂਇਕ ਪ੍ਰਬੰਧ ਮੁਗ਼ਲ ਕਾਲ ਤੋਂ ਸਿੱਖ ਮਿਸਲਾਂ ਨੂੰ ਵਿਰਸੇ ਵਿਚ ਮਿਲਿਆ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਦੀ ਤਰ੍ਹਾਂ ਹੀ ਰਹਿਣ ਦਿੱਤਾ ਪਰ ਲੋੜ ਪੈਣ 'ਤੇ ਕਾਨੂੰਨ ਜ਼ਰੂਰ ਬਦਲੇ ਗਏ ਇਸ ਦਾ ਮੁੱਖ ਕਾਰਨ ਪੰਚਾਇਤਾਂ ਦੀ ਪ੍ਰਮੁੱਖ ਭੂਮਿਕਾ ਸੀ। ਇਨ੍ਹਾਂ ਦਾ ਕੰਮ ਬਿਲਕੁਲ ਪਾਰਦਰਸ਼ੀ ਸੀ। ਸਥਾਨਕ ਫੌਜਦਾਰੀ ਅਤੇ ਦੀਵਾਨੀ ਦੋਹਾਂ ਮਾਮਲਿਆਂ ਨੂੰ ਇਹ ਬਾਖ਼ੂਬੀ ਨਜਿੱਠ ਲੈਂਦੀਆਂ ਸਨ ਅਤੇ ਕਿਸੇ ਨਾਲ ਬੇ-ਇਨਸਾਫ਼ੀ ਦੀ ਗੁੰਜਾਇਸ਼ ਘੱਟ ਹੀ ਰਹਿੰਦੀ। ਇਨ੍ਹਾਂ ਪਾਸ ਕੋਈ ਲਿਖਤੀ ਕਾਨੂੰਨੀ ਹਦਾਇਤਾਂ ਜਾਂ ਕਿਤਾਬਾਂ ਨਹੀਂ ਸਨ, ਸਗੋਂ ਉਹ ਪ੍ਰਚਲਿਤ ਪਰੰਪਰਾਵਾਂ ਸਨ ਜਿਹੜੀਆਂ ਪੀੜ੍ਹੀ ਦਰ ਪੀੜ੍ਹੀ ਆਮ ਲੋਕਾਂ ਨੂੰ ਯਾਦ ਸਨ ਅਤੇ ਉਨ੍ਹਾਂ ਨੂੰ ਤੋੜ ਕੇ ਕੋਈ ਆਪਣੀ ਮਨਮਰਜ਼ੀ ਨਹੀਂ ਕਰ ਸਕਦਾ ਸੀ। ਜ਼ਮੀਨੀ ਝਗੜਿਆਂ ਦਾ ਨਿਪਟਾਰਾ ਕਾਨੂੰਨੀ ਅਤੇ ਗੁੰਝਲਦਾਰ ਅਦਾਲਤੀ ਨਿਜ਼ਾਮ ਨਾਲੋਂ ਕਿਤੇ ਜਲਦੀ ਅਤੇ ਤਸੱਲੀਬਖ਼ਸ਼ ਹੋ ਜਾਂਦਾ ਸੀ। ਝੂਠੇ ਅਤੇ ਫਰਜ਼ੀ ਗਵਾਹਾਂ ਨੂੰ ਪੰਚਾਇਤ ਦੇ ਨੇੜੇ ਵੀ ਨਹੀਂ ਫੜਕਣ ਦਿੱਤਾ ਜਾਂਦਾ ਸੀ। ਪੰਚਾਇਤ ਵਿਚ ਹੋਏ ਫੈਸਲੇ ਤੋਂ ਅਸੰਤੁਸ਼ਟ ਪਾਰਟੀ ਜਾਂ ਆਦਮੀ ਕਦੀ ਕਦੀ ਕਾਰਦਾਰ ਕੋਲ ਇਨਸਾਫ਼ ਦੀ ਮੰਗ ਕਰਦਾ ਸੀ। ਕਾਰਦਾਰ ਦੋਹਾਂ ਪਾਰਟੀਆਂ ਨੂੰ ਬੁਲਾ ਕੇ ਦੋਹਾਂ ਦੀ ਗੱਲ ਸੁਣਦਾ ਅਤੇ ਤਸੱਲੀ ਕਰਵਾਉਣ ਦਾ ਯਤਨ ਕਰਦਾ ਅਤੇ ਉਸ ਦੇ ਫੈਸਲੇ ਨੂੰ ਦੋਵੇਂ ਧਿਰਾਂ ਮੰਨ ਲੈਂਦੀਆਂ ਸਨ। ਜ਼ਮੀਨੀ ਝਗੜਿਆਂ ਵਿਚ ਪਟਵਾਰੀਆਂ ਦੀ ਭੂਮਿਕਾ ਬਹੁਤ ਅਹਿਮ ਸੀ।

ਛੋਟੇ ਕਸਬਿਆਂ ਵਿਚ ਨਿਆਂ-ਪ੍ਰਬੰਧ ਸਿੱਧਾ ਕਾਰਦਾਰ ਦੇ ਹੱਥ ਹੁੰਦਾ। ਉਹ ਦੀਵਾਨੀ ਮੁਕੱਦਮਿਆਂ ਤੋਂ ਇਲਾਵਾ ਫੌਜਦਾਰੀ ਮੁਕੱਦਮਿਆਂ ਦੀ ਸੁਣਵਾਈ ਵੀ ਕਰਦੇ। ਉਨ੍ਹਾਂ ਪਾਸ ਜ਼ਿਆਦਾ ਮੁਕੱਦਮੇ ਜ਼ਮੀਨੀ ਦਾਵੇਦਾਰੀਆਂ, ਹੱਦ ਬੰਨਿਆਂ ਅਤੇ ਮਾਲੀਏ ਨਾਲ ਸੰਬੰਧਿਤ ਆਉਂਦੇ। ਉਹ ਪੈਸੇ ਦੇ ਲੈਣ ਦੇਣ ਸਬੰਧੀ ਸ਼ਿਕਾਇਤਾਂ ਵੀ ਸੁਣਦਾ। ਸ਼ਹਿਰਾਂ ਵਿਚ ਨਾਜ਼ਿਮ ਜਾਂ ਕਾਰਦਾਰ ਕਾਨੂੰਨ ਅਤੇ ਅਦਾਲਤੀ ਕੰਮਾਂ ਦਾ ਨਿਪਟਾਰਾ ਕਰਦੇ ਅਤੇ ਉਨ੍ਹਾਂ ਨੇ ਆਪਣੀ ਸਹਾਇਤਾ ਲਈ 'ਅਦਾਲਤੀ' ਰੱਖੇ ਹੁੰਦੇ ਸਨ। ਜੋ ਛੋਟੇ ਜੱਜਾਂ ਦਾ ਕੰਮ ਕਰਦੇ। ਹਰ ਸ਼ਹਿਰ ਵਿਚ ਸਬੰਧਿਤ ਨਾਜ਼ਿਮ ਵੱਲੋਂ ਇਕ ਕਚਹਿਰੀ ਸਥਾਪਿਤ ਕੀਤੀ ਹੁੰਦੀ ਸੀ, ਜਿਸ ਨੂੰ ਅਦਾਲਤ-ਏ-ਆਲ੍ਹਾ (ਉੱਚ ਅਦਾਲਤ) ਕਿਹਾ ਜਾਂਦਾ ਸੀ। ਸਾਨੂੰ ਇਨ੍ਹਾਂ ਕਚਹਿਰੀਆਂ ਜਾਂ ਅਦਾਲਤਾਂ ਦੀ ਕਾਇਮੀ ਜਾਂ ਇਸ ਦੇ ਅਹਿਲਕਾਰਾਂ ਦੀ ਤਾਇਨਾਤੀ ਬਾਬਤ ਕੋਈ ਖਾਸ ਲਿਖਤੀ ਹਵਾਲੇ ਨਹੀਂ ਮਿਲਦੇ ਪਰ ਸਮਕਾਲੀ ਲਿਖਤਾਂ ਵਿਚ ਅਜਿਹੀਆਂ ਸੰਸਥਾਵਾਂ ਦੇ ਹਵਾਲੇ ਜ਼ਰੂਰ ਮਿਲ ਜਾਂਦੇ ਹਨ। 'ਅਦਾਲਤ-ਏ-ਆਲ੍ਹਾ' ਨਾਮ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸ ਦੇ ਥੱਲੇ ਕੋਈ ਬਾ-ਕਾਇਦਾ ਅਦਾਲਤੀ ਨਿਜ਼ਾਮ ਹੁੰਦਾ ਹੋਵੇਗਾ, ਭਾਵੇਂ ਉਹ ਸ਼ਹਿਰ ਦੇ ਮੁਹੱਲਿਆਂ ਜਾਂ ਇਲਾਕਿਆਂ ਅਨੁਸਾਰ ਹੋਣ ਜਾਂ ਪਿੰਡਾਂ ਦੀਆਂ ਪੰਚਾਇਤਾਂ ਇਹ ਕੰਮ ਕਰਦੀਆਂ ਹੋਣ। ਇਨ੍ਹਾਂ ਅਦਾਲਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੰਤਰੀ ਵੀ ਆਪੋ ਆਪਣੇ ਵਿਭਾਗ ਨਾਲ ਸਬੰਧਤ ਅਦਾਲਤੀ ਝਗੜਿਆਂ ਦਾ ਨਿਪਟਾਰਾ ਕਰਦੇ ਸਨ। ਸਭ ਤੋਂ ਉੱਪਰਲੀ ਅਦਾਲਤ ਮਹਾਰਾਜਾ ਆਪ ਹੁੰਦਾ ਸੀ ਜੋ ਸ਼ਾਹੀ ਵਿਅਕਤੀਆਂ, ਮੰਤਰੀਆਂ, ਕਾਰਦਾਰਾਂ, ਨਾਜ਼ਿਮਾਂ ਅਤੇ ਦੂਜੇ ਅਹਿਲਕਾਰਾਂ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਦਾ ਸੀ। ਸਾਨੂੰ ਸਮਕਾਲੀ ਇਤਿਹਾਸਕ ਸਰੋਤਾਂ ਵਿਚ ਬਹੁਤ ਸਾਰੇ ਐਸੇ ਹਵਾਲੇ ਮਿਲਦੇ ਹਨ, ਜਿਨ੍ਹਾਂ ਵਿਚ ਮਹਾਰਾਜੇ ਵੱਲੋਂ ਕਿਸੇ ਪੀੜਤ ਵਿਅਕਤੀ ਦੀ ਸੁਣਵਾਈ ਕਰ ਕੇ ਉਸ ਦੀ ਤਸੱਲੀ ਕਰਵਾਈ ਹੋਵੇ।

ਸਾਰੇ ਦੀਵਾਨੀ ਮੁਕੱਦਮਿਆਂ ਅਤੇ ਕੁਝ ਕੁ ਫੌਜਦਾਰੀ ਮੁਕੱਦਮਿਆਂ ਵਿਚੋਂ ਜੇਤੂ ਰਹਿਣ ਵਾਲੇ ਨੂੰ ਮੁਕੱਦਮੇ ਦੀ ਫੀਸ ਅਦਾ ਕਰਨੀ ਪੈਂਦੀ ਅਤੇ ਇਹ ਅਦਾਲਤ ਵੱਲੋਂ ਫੈਸਲਾ ਸੁਣਾਉਣ ਦੇ ਨਾਲ ਹੀ ਤਹਿ ਕਰ ਦਿੱਤੀ ਜਾਂਦੀ ਸੀ। ਪੇਂਡੂ ਅਤੇ ਸ਼ਹਿਰੀ ਜ਼ਮੀਨਾਂ ਦੀ ਮਾਲਕੀ, ਕਬਜ਼ੇ ਆਦਿ ਦੇ ਝਗੜੇ ਸਬੰਧੀ ਰਿਕਾਰਡ ਨੂੰ ਜਾਂਚਣ ਤੋਂ ਬਾਅਦ ਨਜਿੱਠੇ ਜਾਂਦੇ ਅਤੇ ਸਾਰਾ ਜ਼ਮੀਨੀ ਰਿਕਾਰਡ ਕਾਜ਼ੀਖਾਨਿਆਂ ਵਿਚ ਨਾਜ਼ਿਮਾਂ ਦੇ ਤਹਿਤ ਰੱਖਿਆ ਹੁੰਦਾ ਸੀ। ਮੁਕੱਦਮਾ ਜਿੱਤਣ ਵਾਲੇ ਪਾਸੋਂ ਅਦਾਲਤ ਸ਼ੁਕਰਾਨਾ ਵੀ ਵਸੂਲਦੀ ਸੀ। ਸਜ਼ਾਵਾਂ ਗੁਨਾਹਾਂ ਦੇ ਹਿਸਾਬ ਨਾਲ ਮਿਲਦੀਆਂ ਸਨ। ਸਰੀਰ ਦੇ ਅੰਗ ਕੱਟਣ ਅਤੇ ਫਾਂਸੀ ਦੀ ਸਜ਼ਾ ਬਿਲਕੁਲ ਨਹੀਂ ਦਿੱਤੀ ਜਾਂਦੀ ਸੀ। ਕਸੂਰਵਾਰ ਨੂੰ ਭਾਰੀ ਜ਼ੁਰਮਾਨੇ ਕੀਤੇ ਜਾਂਦੇ ਸਨ ਅਤੇ ਇਨ੍ਹਾਂ ਨੂੰ ਅਦਾ ਨਾ ਕਰਨ ਦੀ ਹਾਲਤ ਵਿਚ ਉਸ ਦੀ ਜਾਇਦਾਦ ਦੀ ਕੁਰਕੀ ਅਤੇ ਨੀਲਾਮੀ ਕੀਤੀ ਜਾਂਦੀ ਸੀ। ਕਈ ਵਾਰ ਅਜਿਹਾ ਕਰ ਕੇ ਪੀੜਤ ਵਿਅਕਤੀ ਦੇ ਨੁਕਸਾਨ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਸਾਨੂੰ ਉਸ ਸਮੇਂ ਅਜਿਹੀ ਪ੍ਰਚਲਿਤ ਵਿਵਸਥਾ ਬਾਬਤ ਅੰਦਾਜ਼ਾ ਸੋਹਨ ਲਾਲ ਸੂਰੀ ਵੱਲੋਂ ਲਿਖੀ, 'ਉਮਦਾ-ਉੱਤਵਾਰੀਖ' ਦਫ਼ਤਰ ਦੂਜਾ ਦੇ ਸਫ਼ਾ 391 ਉਤੇ ਲਿਖੀਆਂ ਇਨ੍ਹਾਂ ਸਤਰਾਂ ਤੋਂ ਹੋ ਜਾਂਦਾ ਹੈ : "ਖ਼ਾਲਸਾ ਸ਼ੇਰ ਸਿੰਘ ਨੇ ਦੀਵਾਨ ਧੰਨੂੰ ਨਾਲ ਅਯੋਗ ਸਲੂਕ ਕੀਤਾ ਸੀ। ਇਸ ਲਈ ਸਰਦਾਰ (ਮਹਾਰਾਜਾ ਰਣਜੀਤ ਸਿੰਘ) ਨੇ ਦੀਵਾਨ ਧੰਨੂੰ ਨੂੰ ਸਤਾਈ ਹਾੜ ਨੂੰ ਦੁਸ਼ਾਲਾ, ਕੀਮ-ਖਵਾਬ, ਦੁਪੱਟਾ ਆਦਿ ਗਿਆਰਾਂ

## ਵਧਾਈਆਂ ਵਧਾਈਆਂ ਵਧਾਈਆਂ

# ਬੀਬੀ ਜਗੀਰ ਕੌਰ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਨਣ ਤੇ ਬਹੁਤ-ਬਹੁਤ ਵਧਾਈਆਂ



ਮਹਾਂਪੁਰਸ਼ ਸੰਤ ਪ੍ਰੇਮ ਸਿੰਘ ਜੀ ਦੇ ਅਸਥਾਨ ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਦੇ ਮੁੱਖ ਸੇਵਾਦਾਰ ਬੀਬੀ ਜਗੀਰ ਕੌਰ ਨੂੰ ਸਿੱਖ ਪੰਥ ਦੀ ਮਹਾਨ ਅਤੇ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਨਣ ਤੇ ਬੀਬੀ ਜੀ ਨੂੰ ਅਦਾਰਾ ਲੁਬਾਣਾ ਸੇਵਕ ਵਲੋਂ ਬਹੁਤ-ਬਹੁਤ ਵਧਾਈਆਂ।

**ਸੰਖੇਪ ਜੀਵਨ :** ਬੀਬੀ ਜਗੀਰ ਕੌਰ ਜੀ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ ਭਟਨੂਰਾ ਲੁਬਾਣਾ ਵਿਖੇ ਮਿਤੀ 15 ਅਕਤੂਬਰ 1954 ਨੂੰ ਪਿਤਾ ਸ. ਗਿਰਧਾਰਾ ਸਿੰਘ ਦੇ ਘਰ ਹੋਇਆ। ਬੀ.ਐੱਸ.ਸੀ. ਬੀ.ਐਡ. ਤੱਕ ਦੀ ਵਿੱਦਿਆ ਪ੍ਰਾਪਤ ਕਰਕੇ ਆਪ ਜੀ ਨੇ ਸਰਕਾਰੀ ਵਿੱਦਿਆ ਵਿਭਾਗ ਵਿਚ ਬਤੌਰ ਹਿਸਾਬ ਅਧਿਆਪਕਾ ਸੇਵਾਵਾਂ ਦਿੱਤੀਆਂ। ਆਪ ਜੀ ਦਾ ਵਿਆਹ ਬਾਵਾ ਹਰਨਾਮ ਸਿੰਘ ਜੀ ਸਾਬਕਾ ਰਾਜ ਮੰਤਰੀ ਪੰਜਾਬ ਦੇ ਛੋਟੇ ਬੇਟੇ ਬਾਵਾ ਚਰਨਜੀਤ ਸਿੰਘ ਜੀ ਨਾਲ ਹੋਇਆ। ਆਪ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਬਾਵਾ ਚਰਨਜੀਤ ਸਿੰਘ ਜੀ ਸੰਖੇਪ ਜਿਹੀ ਬੀਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਪਰੰਤ ਬੀਬੀ ਜੀ ਨੇ ਪਰਿਵਾਰ ਵਿਚ ਪਹਿਲਾਂ ਤੋਂ ਚਲੀ ਆਈ ਰਹੀ ਇਲਾਕੇ ਅਤੇ ਬਰਾਦਰੀ ਦੀ ਸਿਆਸੀ ਅਤੇ ਧਾਰਮਿਕ ਅਗਵਾਈ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਕੇ ਸਮਾਜ ਸੇਵਾ ਨੂੰ ਅਪਣਾ ਲਿਆ। 1996 ਵਿਚ ਆਪ ਜੀ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ। 1997 ਵਿਚ ਆਪ ਜੀ ਹਲਕਾ ਭੋਲੱਥ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਜਾਣ ਉਪਰੰਤ ਪੰਜਾਬ ਦੇ ਕੈਬਨਿਟ ਮੰਤਰੀ ਬਣੇ। ਆਪ ਜੀ ਨੂੰ ਪਹਿਲੀ ਵਾਰ ਮਾਰਚ 1999 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ। ਨਵੰਬਰ 1999 ਵਿਚ ਆਪ ਜੀ ਨੂੰ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣਿਆ ਗਿਆ। ਤੀਜੀ ਵਾਰ ਆਪ ਸਤੰਬਰ 2004 ਵਿਚ ਇਸ ਵੱਕਾਰੀ ਸੰਸਥਾ ਦੇ ਪ੍ਰਧਾਨ ਚੁਣੇ ਗਏ।ਆਪ ਜੀ ਤਿੰਨ ਵਾਰ ਐਮ.ਐਲ.ਐਮ. ਤੇ ਦੋ ਵਾਰ ਕੈਬਨਿਟ ਮੰਤਰੀ ਵੀ ਰਹਿ ਚੁੱਕੇ ਹਨ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਹਨ। ਆਪ ਜੀ ਵੱਲੋਂ ਆਪਣੀ ਪ੍ਰਧਾਨਗੀ ਸਮੇਂ ਵਿੱਚ ਖਾਲਸਾ ਪੰਥ ਦੇ 300 ਸਾਲਾਂ ਦੇ ਮਾਨਮੱਤੇ ਸਮਾਗਮਾਂ ਅਤੇ ਦੂਰਦਰਸ਼ਨ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਸ਼ੁਰੂ ਕਰਵਾਉਣਾ ਮੁੱਖ ਪ੍ਰਾਪਤੀਆਂ ਗਿਣਾਈਆਂ ਜਾਂਦੀਆਂ ਹਨ।

ਵਾਹਿਗੁਰੂ ਜੀ ਪਾਸ ਬੀਬੀ ਜੀ ਦੀ ਚੰਗੀ ਸਿਹਤ ਅਤੇ ਲੰਮੀ ਉਮਰ ਦੀ ਕਾਮਨਾ ਕਰਦੇ ਹੋਏ ਪ੍ਰਧਾਨ ਪ੍ਰੀਤਮ ਸਿੰਘ ਨਾਰੰਗਪੁਰ, ਇੰਜ. ਹਰਭਜਨ ਸਿੰਘ ਡਿਪਟੀ ਚੀਫ਼ ਇੰਜੀਅਰ (ਰਿਟਾ.), ਇੰਜ. ਗੁਰਚਰਨ ਸਿੰਘ ਏ.ਆਰ.ਓ. (ਰਿਟਾ.), ਇੰਜ. ਕੁਲਬੀਰ ਸਿੰਘ ਸੁਜਲਾਨਾ ਐਸ.ਈ. (ਰਿਟਾ.) ਜਨਰਲ ਸਕੱਤਰ, ਲੈਕ. ਗੁਲਸ਼ਨ ਕੁਮਾਰ ਸਿੰਘ ਫਾਇਨੈਂਸ ਸਕੱਤਰ ਅਤੇ ਸਮੂਹ ਐਡੀਟੋਰੀਅਲ ਬੋਰਡ ਲੁਬਾਣਾ ਸੇਵਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਬਹੁਤ-ਬਹੁਤ ਵਧਾਈਆਂ।

ਕੱਪੜਿਆਂ ਦਾ ਸਿਰੋਪਾ ਤੇ ਇਕ ਘੋੜਾ ਬਖ਼ਸ਼ਿਆ। ਇਸ ਅਪਰਾਧ ਦਾ ਨਜ਼ਰਾਨਾ ਵਿਸਾਖਾ ਸਿੰਘ 'ਤੇ ਮੁਕੱਰਰ ਹੋਇਆ।"

ਮਹਾਰਾਜਾ ਰਣਜੀਤ ਸਿੰਘ ਦਾ ਨਿਆਂਇਕ ਪ੍ਰਬੰਧ ਉਪਰੋਂ ਭਾਵੇਂ ਢਿੱਲਾ ਅਤੇ ਸਾਧਾਰਨ ਜਿਹਾ ਹੀ ਦਿਸਦਾ, ਪਰ ਉਸ ਦੇ ਰਾਜ ਵਿਚ ਆਮ ਲੋਕ ਇਸ ਨਿਜ਼ਾਮ 'ਤੇ ਬਹੁਤ ਖ਼ੁਸ਼ ਸਨ ਕਿਉਂਕਿ ਇਹ ਲੋਕ-ਪਰੰਪਰਾਵਾਂ ਅਤੇ ਰਵਾਇਤਾਂ ਉੱਪਰ ਅਧਾਰਿਤ ਸੀ ਅਤੇ ਕਿਸੇ ਨਾਲ ਬੇਇਨਸਾਫ਼ੀ ਦੀ ਗੁੰਜਾਇਸ਼ ਬਹੁਤ ਘੱਟ ਸੀ। ਇਸ ਕੰਮ ਉੱਤੇ ਜੋ ਅਹਿਲਕਾਰ ਨਿਯੁਕਤ ਕੀਤੇ ਜਾਂਦੇ ਉਹ ਪੜ੍ਹੇ ਲਿਖੇ ਅਤੇ ਸਾਫ਼-ਸੁਥਰੇ ਅਕਸ ਵਾਲੇ ਹੁੰਦੇ ਸਨ। ਮਹਾਰਾਜਾ ਆਪ ਵੀ ਕਈ ਵਾਰ ਉਨ੍ਹਾਂ ਦੁਆਰਾ ਕੀਤੇ ਫੈਸਲਿਆਂ ਦੀ ਛਾਣਬੀਣ ਕਰਦਾ ਅਤੇ ਦੋਸ਼ੀਆਂ ਨੂੰ ਦੰਡਿਤ ਕਰਦਾ। 'ਉਮਦਾ ਉੱਤਵਾਰੀਖ਼' ਵਿਚ ਸੋਹਨ ਲਾਲ ਸੂਰੀ ਅਜਿਹੇ ਕਈ ਹਵਾਲੇ ਦਿੰਦਾ ਹੈ ਜਿਨ੍ਹਾਂ ਤੋਂ ਉਪਰੋਕਤ ਤੱਥ ਦੀ ਪੁਸ਼ਟੀ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਰਾਜ ਦੇ ਸਾਰੇ ਜਾਗੀਰਦਾਰਾਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਹੋਈਆਂ ਸਨ ਕਿ ਉਹ ਉਸ ਨੂੰ ਫੈਸਲਿਆਂ ਦੀਆਂ ਨਕਲਾਂ ਨਿਯਮਤ ਰੂਪ ਵਿਚ ਭੇਜਦੇ ਰਹਿੰਦੇ ਸਨ। 'ਰਿਸਾਲਾ-ਏ-ਸਾਹਿਬ ਨਾਂਗਾ' ਵਿਚ ਗਣੇਸ਼ ਦਾਸ ਲਿਖਦਾ ਹੈ ਕਿ ਕਿਸ ਤਰ੍ਹਾਂ ਸੰਨ 1823 ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਦੌਰੇ ਕਰ ਕੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਆਈਆਂ ਸ਼ਿਕਾਇਤਾਂ ਦੀ ਜਾਂਚ ਕਰਨ ਵਿਚ ਰੁਝਿਆ ਹੋਇਆ ਸੀ। ਉੱਚ ਅਹੁਦਿਆਂ 'ਤੇ ਤੈਨਾਤ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਵੀ ਉਹ ਖ਼ੁਦ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰ ਜਰਨੈਲ ਹਰੀ ਸਿੰਘ ਨਲਵੇ ਨੂੰ ਘੋੜ-ਸਵਾਰ ਫੌਜ ਦੇ ਹਿਸਾਬ-ਕਿਤਾਬ ਵਿਚ ਫਰਕ ਪਾਏ ਜਾਣ ਕਰ ਕੇ ਭਾਰੀ ਜ਼ੁਰਮਾਨਾ ਅਦਾ ਕਰਨ ਵਾਸਤੇ ਕਿਹਾ ਸੀ। ਇਸ ਤਰ੍ਹਾਂ ਅਸੀਂ ਇਸ ਗੱਲ ਦਾ ਸਹਿਜੇ ਹੀ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਉਹ ਕਿਸੇ ਵੀ ਕਿਸਮ ਦੀ ਬੇ-ਨਿਯਮੀ ਅਤੇ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਚੜ੍ਹਾਵੇ ਵਿਚ ਆਏ ਪੈਸੇ ਨੂੰ ਖਰਚ ਕਰਨ ਸਬੰਧੀ ਬੇ-ਨਿਯਮੀਆਂ ਦਾ ਜਦੋਂ ਪਤਾ ਲੱਗਾ ਤਾਂ ਉਸ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਭਾਈ ਸੰਤ ਸਿੰਘ ਨੂੰ ਪ੍ਰਬੰਧਕ ਦੇ ਅਹੁਦੇ ਤੋਂ ਤੁਰੰਤ ਵਿਹਲਾ ਕਰ ਦਿੱਤਾ ਅਤੇ ਉਸ ਦੀ ਜਗ੍ਹਾ ਭਾਈ ਹਰਭਜਨ ਰਾਏ ਦੇ ਪੁੱਤਰਾਂ, ਭਾਈ ਰਾਮ ਸਿੰਘ ਅਤੇ ਭਾਈ ਗੋਬਿੰਦ ਰਾਮ ਨੂੰ ਕੰਮ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ।

ਸਮਾਜਕ ਲੇਖ

# ਘਰ ਦਾ ਪਿਆਰ

ਘਰ ਇੱਟਾਂ ਜਾਂ ਸੀਮਿੰਟ ਨਾਲ ਬਣੀ ਇਮਾਰਤ ਨਹੀਂ ਹੁੰਦੀ, ਘਰ ਤਾਂ ਉਹ ਹੈ ਜਿਥੇ ਮੁਹਬਤ ਹੈ, ਪਿਆਰ ਹੈ, ਵਾਅਦੇ ਹਨ, ਸੱਧਰਾਂ ਹਨ, ਸੁਪਨੇ ਹਨ ਤੇ ਉਮੀਦਾਂ ਹਨ। ਘਰ ਵਿਚ ਬੱਚਿਆਂ ਦੀਆਂ ਕਿਲਕਾਰੀਆਂ ਅਤੇ ਬਜ਼ੁਰਗਾਂ ਦਾ ਅਸ਼ੀਰਵਾਦ ਗੂੰਜਦਾ ਹੈ। ਬੱਚਿਆਂ ਦੇ ਮਾਸੂਮ ਹਾਸਿਆਂ ਦਾ ਸੰਗੀਤ ਕੰਨਾਂ ਨੂੰ ਮਿਠਾਸ ਦਿੰਦਾ ਹੈ। ਕਿਹਾ ਗਿਆ ਹੈ ਕਿ ਮਰਦ ਮਕਾਨ ਬਣਾਉਂਦੇ ਹਨ ਤੇ ਔਰਤਾਂ ਉਸ ਨੂੰ ਘਰ ਬਣਾਉਂਦੀਆਂ ਹਨ। ਛੱਜੂ ਦੇ ਚੁਬਾਰੇ ਸੁਖ ਤਾਂ ਹੀ ਮਿਲੇਗਾ ਜੇ ਉਥੇ ਪ੍ਰੇਮ ਹੋਵੇਗਾ, ਮੁਹੱਬਤ ਹੋਵੇਗੀ, ਸੁਖ ਹੋਵੇਗਾ, ਸ਼ਾਂਤੀ ਹੋਵੇਗੀ। ਇਹ ਪਿਆਰ ਹੀ ਹੈ ਜੋ ਮਕਾਨ ਨੂੰ ਘਰ ਬਣਾਉਂਦਾ ਹੈ। ਜਿਹੜੇ ਘਰ ਵਿਚ ਪਿਆਰ ਹੁੰਦਾ ਹੈ, ਉਥੇ ਹਨ੍ਹੇਰਾ ਨਹੀਂ ਹੁੰਦਾ, ਝਗੜਾ ਨਹੀਂ ਹੁੰਦਾ ਅਤੇ ਅਸ਼ਾਂਤੀ ਨਹੀਂ ਹੁੰਦੀ। ਪਿਆਰ ਦੀ ਕੋਈ ਵੀ ਸੀਮਾ ਨਹੀਂ ਹੁੰਦੀ। ਪਿਆਰ ਤਾਂ ਘਰ ਵਿਚਲੀਆਂ ਤੰਗੀਆਂ ਤੁਰਸ਼ੀਆਂ ਨੂੰ ਵੀ ਭੁਲਾ ਦਿੰਦਾ ਹੈ। ਜੀਵਨ ਵਿਚ ਅਸੀਂ ਕਈ ਅਜਿਹੇ ਪਰਿਵਾਰ ਵੇਖੇ ਹਨ ਜਿਥੇ ਪੈਸੇ ਦੀ ਕੋਈ ਕਮੀ ਨਹੀਂ ਹੁੰਦੀ। ਪਰ ਘਰ ਵਿਚ ਪਿਆਰ ਤੇ ਵਿਸ਼ਵਾਸ ਦੀ ਕਮੀ ਕਾਰਨ ਜੀਵਨ ਨਰਕ ਬਣਿਆ ਪਿਆ ਹੁੰਦਾ ਹੈ। ਪੈਸਾ ਪਿਆਰ, ਸ਼ਾਂਤੀ ਅਤੇ ਖੁਸ਼ੀ ਦੀ ਜਾਮਨੀ ਨਹੀਂ ਹੁੰਦਾ। ਜੀਵਨ ਵਿਚ ਕੁਝ ਰਿਸ਼ਤੇ ਅਸੀਂ ਜਨਮ ਤੋਂ ਪ੍ਰਾਪਤ ਕਰਦੇ ਹਾਂ ਤੇ ਕੁਝ ਰਿਸ਼ਤੇ ਸਮਾਜ ਦੁਆਰਾ ਬਣਾਏ ਜਾਂਦੇ ਹਨ। ਦੂਜੀ ਕਿਸਮ ਦੇ ਰਿਸ਼ਤਿਆਂ ਵਿਚ ਸਭ ਤੋਂ ਮਹੱਤਵਪੂਰਨ ਹੈ ਪਤੀ-ਪਤਨੀ ਦਾ ਰਿਸ਼ਤਾ। ਅਜਿਹਾ ਰਿਸ਼ਤਾ ਜਿਸ ਵਿਚ ਮੂਰਤਾਂ ਭਾਵੇਂ ਦੋ ਹੁੰਦੀਆਂ ਹਨ ਪਰ ਜੋਤ ਉਹਨਾਂ ਵਿਚ ਇਕ ਹੀ ਜਗਦੀ ਹੈ। ਕਿਹਾ ਜਾਂਦਾ ਹੈ ਕਿ ਸੰਜੋਗ ਧੁਰੋਂ ਹੀ ਲਿਖੇ ਹੁੰਦੇ ਹਨ। ਸਮਾਜ ਤਾਂ ਦੋ ਰੂਹਾਂ ਨੂੰ ਮਿਲਾਉਣ ਦਾ ਇਕ ਜ਼ਰੀਆ ਹੀ ਬਣਦਾ ਹੈ। ਇਹ ਰਿਸ਼ਤਾ ਜਨਮਾਂ-ਜਨਮਾਂਤਰਾਂ ਦਾ ਹੁੰਦਾ ਹੈ। ਸਾਡੇ ਸਮਾਜ ਵਿਚ ਇਸ ਰਿਸ਼ਤੇ ਨੂੰ ਬਹੁਤ ਉੱਚ ਕੋਟੀ ਦੀ ਮਾਨਤਾ ਦਿੱਤੀ ਗਈ ਹੈ। ਅਜਿਹੀ ਉਦਾਹਰਣ ਕਿਸੇ ਹੋਰ ਦੇਸ਼ ਵਿਚ ਸ਼ਾਇਦ ਹੀ ਮਿਲਦੀ ਹੋਵੇ। ਇਸ ਵਿਚ ਇਸਨੂੰ ਦੋ ਸਾਹਾਂ ਦੀ ਇਕ ਧੜਕਣ ਅਤੇ ਦੋ ਜਿਸਮਾਂ ਦੀ ਇਕ ਜਾਨ ਕਿਹਾ ਗਿਆ ਹੈ। ਪਤੀ ਪਤਨੀ ਦੇ ਰਿਸ਼ਤੇ ਨੂੰ ਸਮਝਣ ਲਈ ਸਾਨੂੰ ਇਸ ਦੇ ਇਤਿਹਾਸਕ ਅਤੇ ਮਿਥਿਹਾਸਕ ਸੰਦਰਭ ਨੂੰ ਵੀ ਸਮਝਣਾ ਜ਼ਰੂਰੀ ਹੈ। ਇਹ ਇਕ ਸਰਬ ਪ੍ਰਵਾਨਿਤ ਤੱਥ ਹੈ ਕਿ ਇਸ ਰਿਸ਼ਤੇ ਸਬੰਧੀ ਸਮੁੱਚੇ ਮਨੁੱਖੀ ਸਮਾਜ ਵਿਚ ਮਰਦ ਦੀ ਇਹ ਭਾਵਨਾ ਹੈ ਕਿ ਔਰਤ ਨੂੰ ਮਰਦ ਨਾਲੋਂ ਘਟੀਆ ਸਮਝਿਆ ਗਿਆ ਹੈ। ਬਾਈਬਲ ਅਨੁਸਾਰ ਔਰਤ ਦੀ ਸਿਰਜਨਾ ਮਰਦ ਦੀ ਇਕ ਪਸਲੀ ਲੈ ਕੇ ਕੀਤੀ ਗਈ।

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਕੋ-ਐਡੀਟਰ**
**98141-28181**



ਮਨੂੰ ਸਿਮਰਤੀ ਵਿਚ ਲਿਖਿਆ ਹੈ ਕਿ ਇਸਤਰੀ ਦੀ ਰੱਖਿਆ ਬਚਪਨ ਵਿਚ ਉਸ ਦਾ ਪਿਤਾ ਕਰਦਾ ਹੈ, ਜਵਾਨੀ ਵਿਚ ਉਸ ਦਾ ਰੱਖਿਅਕ ਉਸ ਦਾ ਪਤੀ ਹੁੰਦਾ ਹੈ ਅਤੇ ਬੁਢਾਪੇ ਵਿਚ ਉਸ ਦੀ ਰੱਖਿਆ ਉਸ ਦੇ ਪੁੱਤਰ ਕਰਦੇ ਹਨ। ਉਹ ਕਦੇ ਵੀ ਸੁਤੰਤਰ ਰਹਿਣ ਦੇ ਯੋਗ ਨਹੀਂ ਹੁੰਦੀ। ਇਸ ਤੋਂ ਇਲਾਵਾ ਉਸ ਨੂੰ ਪੈਰ ਦੀ ਜੁੱਤੀ, ਬੇਵਫਾਈ ਦੀ ਮੂਰਤ, ਵਾਸ਼ਨਾ ਦੀ ਖੂਹੀ, ਨਰਕ ਦਾ ਦੁਆਰ, ਈਰਖਾ ਦਾ ਭਾਂਬੜ, ਬੱਚੇ ਜੰਮਣ ਵਾਲੀ ਮਸ਼ੀਨ ਅਤੇ ਆਦਮ ਖੋਰ ਬਘਿਆੜੀ ਆਦਿ ਕਹਿ ਕੇ ਭੰਡਿਆ ਹੈ। ਜੇਕਰ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਭਾਵੇਂ ਉਸ ਨੂੰ ਮੰਦਿਰ ਵਿਚ ਦੇਵੀ ਬਣਾ ਕੇ ਪੂਜਿਆ ਤਾਂ ਗਿਆ ਪਰ ਪਰਿਵਾਰ ਸਮਾਜ ਵਿਚ ਉਸ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਗਿਆ।

ਪਤੀ ਪਤਨੀ ਇਕ ਦੂਜੇ ਦੇ ਪੂਰਕ ਹੁੰਦੇ ਹਨ। ਭਾਰਤੀ ਸਮਾਜ ਵਿਚ ਪਤੀ ਪਤਨੀ ਦੇ ਰਿਸ਼ਤੇ ਨੂੰ ਖਾਸ ਅਹਿਮੀਅਤ ਦਿੱਤੀ ਗਈ ਹੈ। ਮਨੂੰ ਸਿਮਰਤੀ ਵਿਚ ਲਿਖਿਆ ਹੈ ਕਿ ਜਿਸ ਘਰ ਵਿਚ ਪਤੀ ਨਾਲ ਪਤਨੀ ਅਤੇ ਪਤਨੀ ਨਾਲ ਪਤੀ ਪ੍ਰਸੰਨ ਰਹਿੰਦਾ ਹੈ, ਉਸ ਘਰ ਵਿਚ ਹਮੇਸ਼ਾ ਕਲਿਆਣ ਹੁੰਦਾ ਹੈ। ਉਥੇ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੁੰਦਾ। ਪਤੀ ਪਤਨੀ ਇਕ ਦੂਜੇ ਦੇ ਪੂਰਕ ਹੁੰਦੇ ਹਨ ਅਤੇ ਇਕ ਤੋਂ ਬਿਨਾਂ ਦੂਜੇ ਦੀ ਕੋਈ ਹੋਂਦ ਨਹੀਂ ਹੁੰਦੀ। ਜਿਥੇ ਪਤੀ ਪਤਨੀ ਨੇ ਘਰ ਨੂੰ ਸਵਰਗ ਬਣਾਇਆ ਹੋਇਆ ਹੈ, ਉਥੇ ਬੱਚਿਆਂ ਦਾ ਵਿਕਾਸ ਸਰਬਪੱਖੀ ਹੁੰਦਾ ਹੈ। ਪਤੀ ਪਤਨੀ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਇਹ ਰਿਸ਼ਤਾ ਪਤੰਗ ਦੀ ਡੋਰ ਜਾਂ ਗੜਵੇ ਤੇ ਡੋਰ ਵਾਲਾ ਹੁੰਦਾ ਹੈ। ਇਕ ਦੂਜੇ ਦੇ ਏਨੇ ਨਜ਼ਦੀਕ ਹੁੰਦੇ ਹਨ ਕਿ ਇਕ ਤੋਂ ਬਿਨਾਂ ਦੂਸਰਾ ਅਧੂਰਾ ਜਾਪਦਾ ਹੈ। ਪਤੀ ਪਤਨੀ ਦੇ ਰਿਸ਼ਤੇ ਦੀ ਮਿਠਾਸ ਦਾ ਅਸਰ ਪੂਰੇ ਪਰਿਵਾਰ ਤੇ ਪੈਂਦਾ ਹੈ। ਪ੍ਰਸਿੱਧ ਫਰਾਂਸੀਸੀ ਵਿਦਵਾਨ ਫਰਾਂਸਿਸ ਬੇਕਿਨ ਲਿਖਦੇ ਹਨ ‘ਪਤਨੀ ਨੌਜਵਾਨ ਦੀ ਪ੍ਰੇਮਿਕਾ ਹੁੰਦੀ ਹੈ, ਅਧਖੜ ਉਮਰ ਵਿਚ ਸਹਾਰਾ ਹੁੰਦੀ ਹੈ ਅਤੇ ਬੁੱਢੇ ਆਦਮੀ ਲਈ ਇਕ ਨਰਸ ਹੁੰਦੀ ਹੈ।’

ਵਿਆਹੁਤਾ ਜੀਵਨ ਵਿਚ ਪਤੀ ਪਤਨੀ ਨੂੰ ਇਕ ਦੂਜੇ ਦੀ ਸ਼ਖ਼ਸੀਅਤ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਿਆਹੁਤਾ ਜੀਵਨ ਵਿਚ ਪੂਰਨ ਇਕਸੁਰਤਾ ਜਾਂ ਵੱਧ ਤੋਂ ਵੱਧ ਇਕਸੁਰਤਾ ਸਾਡਾ ਨਿਸ਼ਾਨਾ ਹੋਣੀ ਚਾਹੀਦੀ ਹੈ ਪਰ ਇਹ ਇਕਸੁਰਤਾ ਆਪਣੇ ਆਪ ਨਹੀਂ ਆਉਂਦੀ, ਇਸ ਲਈ ਯਤਨ ਕਰਨੇ ਪੈਂਦੇ ਹਨ। ਪਤੀ ਪਤਨੀ ਨੂੰ ਇਕ ਦੂਜੇ ਦੇ ਵਿਚਾਰਾਂ ਅਤੇ ਸੁਝਾਵਾਂ ਨੂੰ ਸਵੀਕਾਰ ਕਰਨ ਲਈ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਹੈ, ਆਪਣੀ ਮਰਜ਼ੀ ਦੂਜੇ ਤੇ ਠੋਸਣੀ ਨਹੀਂ ਚਾਹੀਦੀ। ਬਹੁਤ ਸਾਰੇ ਜੋੜੇ ਆਪਣੀ ਹੱਠ ਧਰਮੀ ਕਾਰਨ ਮਾਮੂਲੀ ਗੱਲਾਂ ਤੇ ਝਗੜਾ ਕਰਦੇ ਰਹਿੰਦੇ ਹਨ। ਜਿਸ ਨਾਲ ਉਹਨਾਂ ਦਾ ਜੀਵਨ ਨਰਕ ਬਣ ਜਾਂਦਾ ਹੈ। ਪਤੀ ਪਤਨੀ ਵਿਚ ਕੁਝ ਗਿਲੇ ਸ਼ਿਕਵੇ ਹੋਣਾ ਸੁਭਾਵਿਕ ਹੁੰਦੇ ਹਨ, ਅਜਿਹੇ ਝਗੜਿਆਂ ਜਾਂ ਮੰਨ ਮੁਟਾਵ ਨੂੰ ਜਲਦੀ ਤੋਂ ਜਲਦੀ ਖਤਮ ਕਰ ਲੈਣਾ ਚਾਹੀਦਾ ਹੈ। ਆਪਸੀ ਟਕਰਾਉ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ।

ਗੁੱਸੇ ਭਰੇ ਸ਼ਬਦਾਂ ਨੂੰ ਮੁਸਕਾਨ ਨਾਲ ਬੇਅਸਰ ਕੀਤਾ ਜਾ ਸਕਦਾ ਹੈ। ਆਪਣੇ ਸਾਥੀ ਦੀਆਂ ਕਹੀਆਂ, ਅਣਕਹੀਆਂ ਇਛਾਵਾਂ ਨੂੰ ਜਾਨਣ ਦੀ ਪੂਰੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਪਤੀ ਪਤਨੀ ਦੇ ਰਿਸ਼ਤੇ ਦੀ ਬੁਨਿਆਦ, ਵਿਸ਼ਵਾਸ, ਪਿਆਰ ਤੇ ਕੁਰਬਾਨੀ ਤੇ ਟਿਕੀ ਹੋਈ ਹੁੰਦੀ ਹੈ। ਇਸ ਵਿਚ ਸ਼ੱਕ ਜਾਂ ਈਰਖਾ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਪਤੀ ਪਤਨੀ ਵਿਚ ਆਪਸੀ ਵਿਸ਼ਵਾਸ ਤੇ ਮੁਹੱਬਤ ਦੀ ਡੂੰਘਾਈ ਇਸ ਹੱਦ ਤੱਕ ਹੋਣੀ ਚਾਹੀਦੀ ਹੈ ਕਿ ਦੋਨੇ ਹੀ ਅਜਲਾਂ ਤੱਕ ਇਕ ਦੂਜੇ ਦੇ ਸਾਥੀ ਬਨਣ ਦੇ ਸੁਪਨੇ ਵੇਖਣ। ਦੋਨਾਂ ਵਿਚ 'ਤੇਰੀ ਮੇਰੀ ਇਕ ਜਿੰਦੜੀ' ਵਾਲਾ ਪਿਆਰ ਹੋਣਾ ਚਾਹੀਦਾ ਹੈ। ਧੰਨ ਦੌਲਤ ਜਾਂ ਪਦਾਰਥਕ ਸਹੂਲਤਾਂ ਇਸ ਰਿਸ਼ਤੇ ਦੇ ਨੇੜੇ ਵੀ ਨਹੀਂ ਆਉਣੀਆਂ ਚਾਹੀਦੀਆਂ। ਪਤੀ ਪਤਨੀ ਵਿਚ ਪੂਰਨ ਪਿਆਰ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਵਿਚਾਰਕ ਸਾਂਝ ਅਤੇ ਆਰਥਿਕ ਤੌਰ ਤੇ ਸੁਤੰਤਰ ਹੋਣ ਦੇ ਨਾਲ-ਨਾਲ ਜੀਵਨ ਪ੍ਰਤੀ ਸਕਾਰਾਤਮਕ ਸੋਚ ਹੋਣੀ ਚਾਹੀਦੀ ਹੈ। ਸੁੱਖ ਸਹੂਲਤਾਂ ਵੀ ਕੇਵਲ ਹਾਂ-ਪੱਖੀ ਅਤੇ ਆਸ਼ਾਵਾਦੀ ਸੋਚ ਵਾਲੇ ਲੋਕਾਂ ਨੂੰ ਹੀ ਖੁਸ਼ੀਆਂ ਪ੍ਰਦਾਨ ਕਰਦੀਆਂ ਹਨ। ਇਸ ਨਾਲ ਉਹ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਅਤੇ ਸਮੱਸਿਆਵਾਂ ਦਾ ਹੌਂਸਲੇ ਨਾਲ ਸਾਹਮਣਾ ਕਰਦੇ ਹੋਏ ਉਨ੍ਹਾਂ ਵਿਚੋਂ ਬਹੁਤੀਆਂ ਦਾ ਹੱਲ ਵੀ ਤਲਾਸ਼ ਲੈਂਦੇ ਹਨ।

ਇਮਾਨਦਾਰੀ ਨਾਲ ਆਪਣੇ ਜੀਵਨ ਸਾਥੀ ਨੂੰ ਵਾਚੋ ਅਤੇ ਜੇਕਰ ਉਹ ਕੁਝ ਚੰਗਾ ਕਰੇ ਤਾਂ ਉਸ ਦੀ ਰੱਜ ਕੇ ਪ੍ਰਸ਼ੰਸਾ ਕਰੋ। ਕਿਸੇ ਚੰਗੇ ਕੰਮ ਲਈ ਕੀਤੀ ਗਈ ਪ੍ਰਸ਼ੰਸਾ ਜਾਦੂ ਦਾ ਕੰਮ ਕਰਦੀ ਹੈ। ਇਹ ਮਨੁੱਖੀ ਸ਼ਖ਼ਸੀਅਤ ਲਈ ਪ੍ਰੇਰਨਾ ਦਾ ਸੋਮਾ ਹੁੰਦੀ ਹੈ। ਮਾਫ ਕਰਨ ਅਤੇ ਭੁੱਲ ਜਾਣ ਦੀ ਕਲਾ ਵੀ ਇਸ ਰਿਸ਼ਤੇ ਵਿਚ ਬਹੁਤ ਹੀ ਸਹਾਈ ਹੁੰਦੀ ਹੈ। ਜੇਕਰ ਤੁਹਾਡਾ ਸਾਥੀ ਕੋਈ ਗਲਤੀ ਕਰਦਾ ਹੈ ਜਿਸ ਨਾਲ ਤੁਹਾਡੇ ਮੰਨ ਨੂੰ ਠੇਸ ਪਹੁੰਚੀ ਹੈ ਤਾਂ ਇਸ ਗੱਲ ਨੂੰ ਲੰਮਾ ਨਹੀਂ ਘਸੀਟਣਾ ਚਾਹੀਦਾ ਸਗੋਂ ਜਿੰਨੀ ਛੇਤੀ ਹੋਵੇ ਇਸ ਨੂੰ ਭੁੱਲ ਜਾਵੋ ਆਪਣੇ ਸਾਥੀ ਨੂੰ ਮੁਆਫ਼ ਕਰ ਦੇਵੋ। ਜੇਕਰ ਤੁਸੀਂ ਆਪਣੀ ਵਿਹੁ ਨੂੰ ਅੰਦਰੋਂ ਅੰਦਰੀਂ ਘੋਲਦੇ ਰਹੋਗੇ ਤਾਂ ਜੀਵਨ ਰੂਪੀ ਬਾਗ ਵਿਚ ਕੁੜੱਤਣ ਤੋਂ ਸਿਵਾਏ ਕੁਝ ਨਹੀਂ ਪ੍ਰਾਪਤ ਹੋਵੇਗਾ। ਗਲਤੀ ਕਰਨਾ ਗੁਨਾਹ ਨਹੀਂ ਹੁੰਦਾ, ਹਰ ਮਨੁੱਖ ਤੋਂ ਗਲਤੀਆਂ ਹੁੰਦੀਆਂ ਹਨ। ਪਰ ਗਲਤੀ ਕਰਦੇ ਰਹਿਣਾ ਅਤੇ ਉਸ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਨਾ ਕਰਨਾ ਅਵੱਸ਼ ਹੀ ਗੁਨਾਹ ਹੁੰਦਾ ਹੈ। ਗਲਤੀ ਕਰਨ ਵਾਲੇ ਨੂੰ ਵਾਰ-ਵਾਰ ਅਹਿਸਾਸ ਕਰਵਾਉਣਾ ਵੀ ਠੀਕ ਨਹੀਂ ਹੁੰਦਾ। ਇਹ ਵੀ ਨਹੀਂ ਹੁੰਦਾ ਕਿ ਜ਼ਿੰਦਗੀ ਵਿਚ ਹਮੇਸ਼ਾ ਪਿਆਰ ਹੀ ਪਿਆਰ, ਸਹਿਮਤੀ ਤੇ ਸਹਿਮਤੀ ਹੀ ਹੋਵੇ, ਕਦੇ-ਕਦੇ ਵਿਚਾਰਾਂ ਵਿਚ ਭਿੰਨਤਾ ਅਤੇ ਅਸਹਿਮਤੀ ਵੀ ਹੋ ਸਕਦੀ ਹੈ। ਅਜਿਹੇ ਸਮੇਂ ਸੰਜਮ ਅਤੇ ਸਹਿਣਸ਼ੀਲਤਾ ਸਭ ਤੋਂ ਵਧੀਆ ਹਥਿਆਰ ਹੁੰਦੇ ਹਨ।

ਪਤੀ ਪਤਨੀ ਦੀ ਗ੍ਰਹਿਸਤ ਗੱਡੀ ਸੁਖ ਸ਼ਾਂਤੀ ਨਾਲ ਲੀਹ ਤੇ ਤਾਂ ਹੀ ਚੱਲ ਸਕਦੀ ਹੈ ਜੇ ਆਪਸ ਵਿਚ ਅਟੁੱਟ ਵਿਸ਼ਵਾਸ ਦੀ ਜੋਤ ਜਗਦੀ ਹੋਵੇ ਅਤੇ ਦੋਵੇਂ ਵਫਾਦਾਰੀ ਨਾਲ ਨਿਭਾਉਣ। ਦੋਨਾਂ ਨੂੰ ਇਹ ਗੱਲ ਵੀ ਸਮਝਣੀ ਚਾਹੀਦੀ ਹੈ ਕਿ ਆਪਸੀ ਕਲੇਸ਼ ਦਾ ਅਸਰ ਉਹਨਾਂ ਦੇ ਬੱਚਿਆਂ ਦੇ ਮਾਨਸਿਕ ਵਿਕਾਸ ਤੇ ਜ਼ਰੂਰ ਪਵੇਗਾ। ਆਪਸੀ ਪ੍ਰੇਮ ਅਤੇ ਘਰ ਦੇ ਸੁਖਾਵੇਂ ਵਾਤਾਵਰਨ ਵਿਚ ਹੀ ਘਰ ਸਵਰਗ ਬਣ ਸਕੇਗਾ। ਅਜਿਹੇ ਵਾਤਾਵਰਨ ਵਿਚ ਪਲੇ ਹੋਏ ਬੱਚੇ ਅੱਗੇ ਜਾ ਕੇ ਸਮਾਜ ਨੂੰ ਚੰਗਾ ਬਨਾਉਣ ਵਿਚ ਉਸਾਰੂ ਯੋਗਦਾਨ ਪਾ ਸਕਦੇ ਹਨ। ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਪਤਨੀ ਨਾਲ ਹਰ ਗੱਲ ਸਾਂਝੀ ਕਰਨ ਤੋਂ ਕੰਨੀ ਨਾ ਕਤਰਾਏ। ਜੇ ਸੱਸ ਆਪਣੀ ਨੂੰਹ ਨਾਲ ਮਾੜਾ ਵਰਤਾਉ ਕਰੇ ਤਾਂ ਪਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਮਾਂ ਨੂੰ ਪਿਆਰ ਨਾਲ ਸਮਝਾਵੇ ਜੇ ਪਤਨੀ ਦਾ ਵਤੀਰਾ ਨਾਂਹ ਪੱਖੀ ਹੋਵੇ ਤਾਂ ਪਤੀ ਨੂੰ ਪਤਨੀ ਨੂੰ ਵੀ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਇਸੇ ਵਿਚ ਹੀ ਪਰਿਵਾਰ ਦੀ ਭਲਾਈ ਹੁੰਦੀ ਹੈ। ਪਤਨੀ ਆਪਣਾ ਸਭ ਕੁਝ ਛੱਡ ਕੇ ਨਵੇਂ ਪਰਿਵਾਰ ਵਿਚ ਆਈ ਹੁੰਦੀ ਹੈ। ਨਵੇਂ ਪਰਿਵਾਰ ਵਿਚ ਰਚਣ ਮਿਚਣ ਵਿਚ ਉਸ ਨੂੰ ਸਮਾਂ ਲੱਗ ਸਕਦਾ ਹੈ। ਇਸ ਸਮੇਂ ਪਤਨੀ ਦਾ ਹਾਂ-ਪੱਖੀ ਅਤੇ ਨਿਰਪੱਖ ਦ੍ਰਿਸ਼ਟੀਕੋਣ ਪਤਨੀ ਨੂੰ ਮਾਨਸਿਕ ਤੌਰ ਤੇ ਟੁੱਟਣ ਨਹੀਂ ਦੇਵੇਗਾ। ਇਸੇ ਤਰ੍ਹਾਂ ਜੇਕਰ ਨਨਦ ਆਪਣੀ ਭਾਬੀ ਨਾਲ ਚੰਗਾ ਵਰਤਾਉ ਨਹੀਂ ਕਰਦੀ ਤਾਂ ਭਰਾ ਨੂੰ ਆਪਣੀ ਭੈਣ ਨੂੰ ਵੀ ਪਿਆਰ ਨਾਲ ਸਮਝਾਉਣਾ ਪਵੇਗਾ ਤਾਂ ਜੋ ਪਰਿਵਾਰ ਦੀ ਸ਼ਾਂਤੀ ਭੰਗ ਨਾ ਹੋਵੇ। ਪਤਨੀ ਨੂੰ ਵੀ ਚਾਹੀਦਾ ਹੈ ਕਿ ਉਹ ਸੰਜਮ ਦਾ ਪੱਲਾ ਫੜ ਕੇ ਆਦਰਸ਼ ਨੂੰਹ ਵਾਲਾ ਕਿਰਦਾਰ ਨਿਭਾ ਕੇ ਸਹੁਰਿਆਂ ਦੀ ਇੱਜ਼ਤ ਨੂੰ ਚਾਰ ਚੰਨ ਲਗਾਏ। ਪਤੀ ਪਤਨੀ ਦੀ ਆਪਸੀ ਸੂਝ-ਬੂਝ ਇਸ ਰਿਸ਼ਤੇ ਨੂੰ ਆਨੰਦਮਈ ਬਣਾ ਸਕਦੀ ਹੈ।

ਪਤੀ ਅਤੇ ਪਤਨੀ ਦੋ ਵੱਖ-ਵੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਦੋਨਾਂ ਦਾ ਪਾਲਣ ਪੋਸਣ ਵੱਖ-ਵੱਖ ਸੰਸਕਾਰਾਂ, ਪ੍ਰਸਥਿਤੀਆਂ ਅਤੇ ਸੱਭਿਆਚਾਰਾ ਵਿਚ ਹੋਇਆ ਹੁੰਦਾ ਹੈ। ਕਦੇ ਵੀ ਆਪਣੇ ਸਾਥੀ ਦੇ ਪਰਿਵਾਰ ਦੀ ਆਲੋਚਨਾ ਨਾ ਕਰੋ। ਤੇਰਾ ਪਰਿਵਾਰ ਮੇਰਾ ਹੈ ਅਤੇ ਮੇਰਾ ਪਰਿਵਾਰ ਤੇਰਾ ਹੈ ਵਾਲੀ ਪਹੁੰਚ ਅਪਨਾਉਂਦੇ ਹੋਏ ਪਰਿਵਾਰਾਂ ਵਿਚ ਸੁਧਾਰਕ ਤਬਦੀਲੀਆਂ ਲਿਆਉਣ ਦੀ ਕੋਸ਼ਿਸ਼ ਕਰੋ। ਪਤਨੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਕੇਵਲ ਇਕ ਵਿਅਕਤੀ ਨਾਲ ਹੀ ਸ਼ਾਦੀ ਨਹੀਂ ਕਰ ਰਹੀ ਸਗੋਂ ਇਕ ਪਰਿਵਾਰ ਵਿਚ ਸ਼ਾਦੀ ਕਰ ਰਹੀ ਹੈ ਅਤੇ ਪਤੀ ਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਉਸ ਦੀ ਪਤਨੀ ਦਾ ਪਰਿਵਾਰ ਵੀ ਉਸ ਦਾ ਆਪਣਾ ਪਰਿਵਾਰ ਹੈ। ਇਸ ਤਰ੍ਹਾਂ ਦੀ ਪਹੁੰਚ ਨਾਲ ਸ਼ਾਦੀ ਦਾ ਬੰਧਨ ਕੇਵਲ ਇਕ ਲੜਕੇ ਅਤੇ ਲੜਕੀ ਦਾ ਮੇਲ ਨਾ ਰਹਿ ਕੇ ਦੋ ਪਰਿਵਾਰਾਂ ਦਾ ਮੇਲ ਬਣ ਜਾਂਦਾ ਹੈ।

ਪਤੀ ਪਤਨੀ ਦਾ ਰਿਸ਼ਤਾ ਆਪਸੀ ਵਿਸ਼ਵਾਸ, ਸਹਿਯੋਗ ਅਤੇ ਪ੍ਰੇਮ ਦਾ ਰਿਸ਼ਤਾ ਹੈ, ਪਰ ਇਹ ਉਮਰਾਂ ਤੱਕ ਸਹੀ ਸਲਾਮਤ ਤਾਂ ਹੀ ਰਹਿ ਸਕਦਾ ਹੈ ਜੇ ਪਤੀ-ਪਤਨੀ ਇਕ ਦੂਜੇ ਪ੍ਰਤੀ ਵਫਾਦਾਰੀ ਦਾ ਧਰਮ ਬਾਖੂਬੀ ਨਿਭਾਉਣ। ਆਪਣੇ ਸਾਥੀ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲੋ ਅਤੇ ਉਸ ਨਾਲ ਆਪਣੀਆਂ ਖੁਸ਼ੀਆਂ ਤੇ ਗਮੀਆਂ ਸਾਂਝੀਆਂ ਕਰੋ। ਖੁਸ਼ੀ ਵੰਡਣ ਨਾਲ ਦੁੱਗਣੀ ਹੁੰਦੀ ਹੈ ਤੇ ਗਮ ਵੰਡਣ ਨਾਲ ਅੱਧਾ ਰਹਿ ਜਾਂਦਾ ਹੈ। ਜ਼ਿੰਦਗੀ ਹਮੇਸ਼ਾ ਇਕਸਾਰ ਨਹੀਂ ਚਲਦੀ। ਇਸ ਵਿਚ ਹਮੇਸ਼ਾ ਉੱਚੇ ਨੀਵੇਂ ਪੰਧ ਆਉਂਦੇ ਰਹਿੰਦੇ ਹਨ। ਜੇਕਰ ਕੋਈ ਬੁਰਾ ਵਕਤ ਆ ਵੀ ਜਾਵੇ ਤਾਂ ਆਪਣੇ ਸਾਥੀ ਨੂੰ ਆਪਣੀ ਮੁਹਬਤ ਭਰੀ ਬੁੱਕਲ ਵਿਚ ਸਮੇਟਦੇ ਹੋਏ

ਉਸਦਾ ਆਸਰਾ ਬਣੋ। ਇਹ ਦੇਖਿਆ ਜਾਂਦਾ ਹੈ ਕਿ ਵਿਆਹ ਤੋਂ ਪਹਿਲਾਂ ਲੜਕੇ ਅਤੇ ਲੜਕੀਆਂ ਪਰੀ ਸੁਪਨੇ ਮਨ ਵਿਚ ਵਸਾ ਲੈਂਦੇ ਹਨ। ਲੜਕੀਆਂ ਫ਼ਿਲਮੀ ਰਾਜਕੁਮਾਰ ਵਰਗਾ ਪਤੀ ਲੋਚਦੀਆਂ ਹਨ, ਜੋ ਉਹਨਾਂ ਲਈ ਚੰਨ ਤਾਰੇ ਤੋੜ ਕੇ ਲਿਆਵੇ ਤੇ ਲੜਕੇ ਕਿਸੇ ਸੁਪਨ-ਪਰੀ ਦੀ ਕਲਪਨਾ ਕਰਦੇ ਹਨ। ਅਜਿਹੀ ਗੈਰ ਵਿਵਹਾਰਿਕ ਸੋਚ ਕਈ ਵਾਰ ਵਿਵਾਹਿਕ ਜੀਵਨ ਵਿਚ ਉਲਝਣਾ ਖੜ੍ਹੀਆਂ ਕਰ ਦਿੰਦੀ ਹੈ। ਸਾਡੇ ਸਮਾਜ ਵਿਚ ਪ੍ਰੇਮ ਵਿਆਹਾਂ ਦੇ ਅਸਫਲ ਰਹਿਣ ਦਾ ਮੁੱਖ ਕਾਰਨ ਅਜਿਹੀ ਗੈਰ ਵਿਵਹਾਰਕ ਪਹੁੰਚ ਹੀ ਹੈ। ਲੜਕੇ ਲੜਕੀ ਨੂੰ ਵਿਵਹਾਰਕ ਪਹੁੰਚ ਅਤੇ ਆਪਣੇ ਪੈਰ ਜ਼ਮੀਨ ਤੇ ਰੱਖਣ ਦੀ ਜਾਂਚ ਸਿੱਖਣੀ ਪਵੇਗੀ।

ਘਰ ਦੇ ਪਿਆਰ ਵਿਚ ਪਤੀ ਪਤਨੀ, ਧੀਆਂ ਪੁੱਤਰ, ਪੁੱਤਰ ਨੂੰਹਾਂ ਅਤੇ ਬਜ਼ੁਰਗ ਮਾਪਿਆਂ ਦਾ ਤਾਣਾ-ਬਾਣਾ ਸਹੀ ਸਲਾਮਤ, ਜਿਸ ਘਰ ਵਿਚ ਬੁਣ ਲਿਆ ਗਿਆ ਅਤੇ ਇਕ ਦੂਜੇ ਨੂੰ ਪਿਆਰ ਸਤਿਕਾਰ ਦਿੰਦੇ ਹੋਏ ਚੰਗੀਆਂ ਕਦਰਾਂ-ਕੀਮਤਾਂ ਨਾਲ ਜੀਵਨ ਚਲਦਾ ਗਿਆ, ਉਹ ਘਰ ਸਵਰਗ ਤੋਂ ਘੱਟ ਨਹੀਂ ਹੁੰਦੇ। ਘਰਾਂ ਵਿਚ ਬਜ਼ੁਰਗਾਂ ਦੀ ਅਣਦੇਖੀ ਕਰਕੇ ਅਸੀਂ ਨਰੋਏ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ। ਭਾਵੇਂ ਨਵੀਂ ਪੀੜ੍ਹੀ ਤੇ ਅੱਜ ਦੇ ਪਦਾਰਥਵਾਦੀ ਯੁੱਗ ਦੀਆਂ ਕਦਰਾਂ-ਕੀਮਤਾਂ ਭਾਰੀ ਪੈ ਗਈਆਂ ਹਨ। ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਹਮੇਸ਼ਾ ਬੱਚੇ ਹੀ ਗਲਤ ਹੁੰਦੇ ਹਨ। ਆਧੁਨਿਕ ਦੌਰ ਵਿਚ ਹਰ ਰਿਸ਼ਤੇ ਵਿਚ ਤਰੇੜਾਂ ਆ ਰਹੀਆਂ ਹਨ। ਅਕਸਰ ਹੀ ਬੁਢਾਪੇ ਵਿਚ ਮਾਂ ਬਾਪ ਅਣਗੌਲਿਆ ਮਹਿਸੂਸ ਕਰਦੇ ਹਨ। ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਬੁਢੇਪਾ ਘਰਾਂ ਵਿਚ ਛੱਡਣ ਤੋਂ ਗੁਰੇਜ ਨਹੀਂ ਕਰਦੇ। ਅਜਿਹਾ ਵਰਤਾਰਾ ਗੈਰ ਸਮਾਜਿਕ ਹੀ ਨਹੀਂ ਸਗੋਂ ਨਿੰਦਣਯੋਗ ਵੀ ਹੈ। ਆਪਸੀ ਸਹਿਯੋਗ ਨਾਲ ਹੀ ਗ੍ਰਹਿਸਤੀ ਜੀਵਨ ਅੱਗੇ ਵਧਦਾ ਹੈ। ਕਈ ਬਜ਼ੁਰਗਾਂ ਨੂੰ ਨਵੀਂ ਬਹੁ ਘਰ ਆਉਣ ਤੇ ਘਰ ਵਿਚ ਪਹਿਲਾਂ ਆਈ ਵੱਡੀ ਨੂੰਹ ਵਿਚ ਬੜੀਆਂ ਬੁਰਾਈਆਂ ਦਿੱਸਣ ਲੱਗ ਪੈਂਦੀਆਂ ਹਨ। ਉਹ ਭੁੱਲ ਜਾਂਦੇ ਹਨ ਕਿ ਹੁਣ ਤੱਕ ਕੌਣ ਉਨ੍ਹਾਂ ਦੀ ਸੇਵਾ ਕਰ ਰਿਹਾ ਸੀ।

ਘਰ ਦੇ ਮਾਹੌਲ ਨੂੰ ਖੁਸ਼ਗਵਾਰ ਅਤੇ ਪਿਆਰ ਨਾਲ ਭਰਿਆ ਰੱਖਣ ਲਈ ਬਜ਼ੁਰਗਾਂ ਨੂੰ ਵੀ ਕਈ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਆਪਣੇ ਬੱਚਿਆਂ ਦੀ ਨਿੱਜੀ ਜ਼ਿੰਦਗੀ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਪੜ੍ਹ ਲਿਖ ਕੇ ਰੁਜ਼ਗਾਰ ਲਈ ਥਾਂ-ਥਾਂ ਧੱਕੇ ਖਾ ਕੇ ਨਿਰਾਸ਼ ਹੋ ਚੁੱਕੇ ਬੱਚਿਆਂ ਦਾ ਮਨੋਬਲ ਉੱਚਾ ਚੁੱਕਣ ਲਈ ਵੱਡਿਆਂ ਦੀ ਹਮਦਰਦੀ ਕਾਰਗਰ ਹੁੰਦੀ ਹੈ। ਬੁਢੇਪੇ ਵਿਚ ਗੋਡੇ, ਸਿਰ, ਲੱਤਾਂ-ਬਾਹਾਂ ਦਾ ਦਰਦ ਹੋਣਾ ਆਮ ਸਮੱਸਿਆਵਾਂ ਹਨ। ਸਵੇਰੇ ਉਠਦੇ ਸਾਰ ਹੀ ਇਹਨਾਂ ਦਰਦਾਂ ਦੀ ਸ਼ਿਕਾਇਤ ਦਾ ਰੋਲਾ ਪਾ-ਪਾ ਕੇ ਬਾਕੀ ਟੱਬਰ ਦੀ ਸੁਹਾਵਣੀ ਸਵੇਰ ਨੂੰ ਖਰਾਬ ਨਾ ਕਰੋ। ਜੇਕਰ ਤੁਸੀਂ ਸੰਯੁਕਤ ਪਰਿਵਾਰ ਦੇ ਮੁਖੀ ਹੋ ਤਾਂ ਸਾਰਿਆਂ ਦੇ ਦੁਖ ਤਕਲੀਫਾਂ ਦਾ ਖਿਆਲ ਰੱਖੋ ਤੇ ਸਭ ਨੂੰ ਪਿਆਰ ਕਰੋ।

ਬੱਚੇ ਵੀ ਬਜ਼ੁਰਗਾਂ ਦਾ ਧਿਆਨ ਰੱਖਣ ਕਿਉਂਕਿ ਇਹ ਉਹਨਾਂ ਦੀ ਸਮਾਜਿਕ ਜ਼ਿੰਮੇਵਾਰੀ ਹੈ। ਮਾਂ-ਬਾਪ ਨਾਲ ਨਿਮਰਤਾ ਨਾਲ ਗੱਲ ਕਰੋ, ਉਨ੍ਹਾਂ ਦੀ ਗੱਲ ਧੀਰਜ ਨਾਲ ਸੁਣੋ। ਜੇਕਰ ਤੁਸੀਂ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਤਾਂ ਵੀ ਉਹਨਾਂ ਨਾਲ ਸਹਿਣਸ਼ੀਲਤਾ ਨਾਲ ਪੇਸ਼ ਆਉ। ਯਾਦ ਰੱਖੋ ਕਿ ਤੁਸੀਂ ਉਹਨਾਂ ਦੀ ਬਦੌਲਤ ਹੀ ਚੰਗੇ ਪੜ੍ਹੇ ਲਿਖੇ ਹੋ। ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਦੇ ਵਿਚਾਰਾਂ ਦਾ ਵਖਰੇਵਾਂ ਸਦੀਆਂ ਤੋਂ ਚੱਲ ਰਿਹਾ ਹੈ ਅਤੇ ਅੱਗੇ ਵੀ ਚਲਦਾ ਰਹੇਗਾ। ਇਸ ਲਈ ਬਜ਼ੁਰਗਾਂ ਨੂੰ ਵੀ ਆਪਣੇ ਖਾਣ ਅਤੇ ਬੋਲਣ ਉਤੇ ਸੰਜਮ ਰੱਖਦੇ ਹੋਏ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ। ਦੂਜੇ ਪਾਸੇ ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਮਾਂ ਬਾਪ ਤੋਂ ਜ਼ਿਆਦਾ ਚਲਾਕ ਜਾਂ ਚਤੁਰ ਨਾ ਸਮਝਣ। ਜਿਥੇ ਤੁਸੀਂ ਅੱਜ ਫਿਰ ਰਹੇ ਹੋ, ਇਸ ਦੌਰ ਵਿਚੋਂ ਉਹ ਬਹੁਤ ਪਹਿਲਾਂ ਗੁਜਰ ਚੁੱਕੇ ਹੁੰਦੇ ਹਨ। ਘਰ ਦੇ ਪਿਆਰ ਵਿਚ ਘਰ ਦੀਆਂ ਧੀਆਂ ਦਾ ਬਹੁਤ ਹੀ ਉਸਾਰੂ ਯੋਗਦਾਨ ਹੁੰਦਾ ਹੈ। ਘਰ ਦੀ ਸਾਰੀ ਬਰਕਤ ਧੀਆਂ ਦੇ ਸਤਿਕਾਰ ਨਾਲ ਹੀ ਵਧਦੀ ਹੈ। ਜਿਸ ਘਰ ਵਿਚ ਧੀ ਦਾ ਸਨਮਾਨ ਹੁੰਦਾ ਹੈ, ਉਸ ਘਰ ਵਿਚ ਕਦੇ ਵੀ ਕਿਸੇ ਤਰ੍ਹਾਂ ਦਾ ਘਾਟਾ ਨਹੀਂ ਰਹਿੰਦਾ। ਧੀਆਂ ਵਿਆਹ ਤੋਂ ਬਾਅਦ ਬੇਗਾਨੇ ਘਰ ਜਾ ਕੇ ਵੀ ਆਪਣੇ ਮਾਪਿਆਂ ਦੀ ਸ਼ਾਨ ਵਿਚ ਵਾਧਾ ਕਰਦੀਆਂ ਹਨ। ਬਹੁਤ ਮੁਸ਼ਕਲ ਹੁੰਦਾ ਹੈ ਬੇਗਾਨੇ ਘਰ ਜਾ ਕੇ ਦਿਲ ਲਗਾਉਣਾ ਤੇ ਉਸ ਨੂੰ ਆਪਣਾ ਬਨਾਉਣਾ। ਇਹ ਕੁਰਬਾਨੀ ਭਰਿਆ ਮਾਨ ਸਤਿਕਾਰ 'ਧੀਆਂ ਦੇ ਹਿੱਸੇ ਹੀ ਆਇਆ' ਹੈ।

ਕਿਸੇ ਲੇਖਕ ਨੇ ਠੀਕ ਹੀ ਲਿਖਿਆ ਹੈ ਕਿ ਧੀਆਂ ਅਤੇ ਧਰੇਕਾਂ ਘਰ ਦੇ ਵਿਹੜੇ ਦੀ ਰੌਣਕ ਹੁੰਦੀਆਂ ਹਨ। ਸਾਰੇ ਹੀ ਘਰ ਇਹਨਾਂ ਦੀ ਹੀ ਪੈੜੇ ਦੀ ਬਰਕਤ ਦੇ ਆਸਰੇ ਚਲਦੇ ਹਨ। ਛੋਟੇ ਹੁੰਦਿਆਂ ਜਦੋਂ ਧੀਆਂ ਨਿੱਕੇ-ਨਿੱਕੇ ਹੱਥਾਂ ਨਾਲ ਮਾਂ ਦੀ ਨਕਲ ਕਰਦੀਆਂ, ਮਾਂ ਦੀ ਚੁੰਨੀ ਨੂੰ ਵਿਹੜੇ ਵਿਚ ਧੂੰਹਦੀਆਂ ਫਿਰਦੀਆਂ, ਮਾਂ ਦੀ ਵੱਡੀ ਜੁੱਤੀ ਪਹਿਨਣੀ ਤੇ ਆਟਾ ਗੁੰਨਣ ਦੀ ਕੋਸ਼ਿਸ਼ ਕਰਨੀ, ਰਸੋਈ ਵਿਚੋਂ ਪਿਤਾ ਲਈ ਨਿੱਕੇ-ਨਿੱਕੇ ਹੱਥਾਂ ਨਾਲ ਰੋਟੀ ਲਿਆਉਣੀ, ਵੇਖ ਕੇ ਮਨ ਡਾਹਢਾ ਖੁਸ਼ੀ ਨਾਲ ਭਰ ਜਾਂਦਾ ਹੈ। ਧੀ ਦੇ ਨਿੱਕੇ-ਨਿੱਕੇ ਹੱਥਾਂ ਵਿਚ ਵੱਡੀਆਂ-ਵੱਡੀਆਂ ਬਰਕਤਾਂ ਹੋਣ ਦਾ ਮਾਣ ਮਹਿਸੂਸ ਹੁੰਦਾ ਹੈ। ਅੱਜ ਲੋੜ ਹੈ ਧੀਆਂ ਨੂੰ ਸਦਾ ਸੁੱਖੀ ਵੱਸਣ ਰੱਸਣ ਤੇ ਕਾਮਯਾਬੀਆਂ ਦੀਆਂ ਰਾਹਾਂ ਨੂੰ ਫੜਣ ਦਾ ਮਾਹੌਲ ਸਿਰਜਣ ਦੀ।

ਧੀਆਂ ਦੂਰ ਆਪਣੇ ਘਰਾਂ ਵਿਚ ਬੈਠੀਆਂ ਦੀ ਵੀ ਜਿੰਦ ਜਾਨ ਆਪਣੇ ਮਾਂ ਬਾਪ ਵਿਚ ਹੁੰਦੀ ਹੈ। ਕਿੰਨਾ ਸੱਚ ਹੈ ਕਿ ਭਰਾ ਭਾਈ ਮਾਂ ਬਾਪ ਦੇ ਨੇੜੇ ਰਹਿੰਦੇ ਹੋਏ ਵੀ ਮਾਂ ਬਾਪ ਦਾ ਖਿਆਲ ਨਹੀਂ ਰੱਖਦੇ ਜਦੋਂ ਕਿ ਧੀਆਂ ਲੱਖ ਦੂਰ ਵਿਆਹੀਆਂ ਹੋਣ ਦੇ ਬਾਵਜੂਦ ਵੀ ਮਾਂ ਬਾਪ ਦੇ ਪਿਆਰ ਨੂੰ ਦਿਲ ਵਿਚ ਵਸਾਈ ਰੱਖਦੀਆਂ ਹਨ ਤੇ ਹਰ ਪਲ ਆਪਣੇ ਪੇਕੇ ਆਉਣ ਲਈ ਬਿਹਬਲ ਹੋਈਆਂ ਰਹਿੰਦੀਆਂ ਹਨ। ਪੁੱਤ ਕਪੁੱਤ ਹੋ

ਸਕਦੇ ਹਨ ਪਰ ਧੀਆਂ ਕਦੇ ਵੀ ਕੁਧੀਆਂ ਨਹੀਂ ਹੋਈਆਂ। ਧੀਆਂ ਆਪੋ ਆਪਣੀ ਘਰੀਂ ਚਾਹੇ ਸੁਖੀ ਹੋਵਣ ਜਾਂ ਦੁਖੀ, ਹਮੇਸ਼ਾ ਆਪਣੇ ਮਾਂ ਬਾਪ ਦੀ ਸਿਹਤਯਾਬੀ ਤੇ ਖੈਰ ਸੁਖ ਤੇ ਸ਼ਾਂਤੀ ਲਈ ਦੁਆਵਾਂ ਮੰਗਦੀਆਂ ਤੇ ਸੁਖਾਂ ਸੁਖਦੀਆਂ ਹਨ। ਆਉ ਅਸੀਂ ਵੀ ਅਰਦਾਸ ਕਰੀਏ ਕਿ ਹੇ ਵਾਹਿਗੁਰੂ ਸਾਡੀਆਂ ਧੀਆਂ ਧਿਆਣੀਆਂ ਦੀ ਉਮਰ ਤੇ ਜ਼ਿੰਦਗੀ ਸਦਾ ਸੁੱਖਾਂ ਭਰੀ ਰੱਖੀਂ। ਘਰ ਵਿਚ ਰਹਿੰਦਿਆਂ ਹਰ ਰਿਸ਼ਤੇ ਵਿਚ ਪਿਆਰ ਤੇ ਸਤਿਕਾਰ ਬਹੁਤ ਜ਼ਰੂਰੀ ਹੈ। ਰਿਸ਼ਤਿਆਂ ਦੀ ਸੂਖਮਤਾ ਨੂੰ ਸਮਝਦੇ ਹੋਏ ਚੱਲਣ ਨਾਲ ਹੀ ਘਰ ਦਾ ਪਿਆਰ ਸਾਰਿਆਂ ਨੂੰ ਮਿਲਦਾ ਰਹੇਗਾ ਤੇ ਘਰ ਸੱਚੀ ਮੁੱਚੀ ਸਵਰਗ ਬਣ ਜਾਵੇਗਾ।

# ਅੱਲ੍ਹੜ ਜਵਾਨੀਆਂ ਨੂੰ ਹੜੱਪ ਰਿਹਾ ਹੈ ਸਮੈਕ ਰੂਪੀ ਦੈਂਤ

**ਡਾ. ਰਜਿੰਦਰ ਸਿੰਘ**



ਜਿਨ੍ਹਾਂ ਨਵੀਨ ਨਸ਼ੀਲੇ ਪਦਾਰਥਾਂ ਹੱਥੋਂ ਅਜੋਕੀ ਯੁਵਾ ਪੀੜ੍ਹੀ ਦਾ ਘਾਣ ਹੋ ਰਿਹਾ ਹੈ, ਹੈਰੋਇਨ (Heroin) ਉਨ੍ਹਾਂ ਦੀ ਸਿਰਤਾਜ ਹੈ। ਸਮੈਕ ਇਸੇ ਦਾ ਮਿਲਾਵਟੀ ਜਾਂ ਅਸ਼ੁੱਧ ਰੂਪ ਹੈ। ਹੈਰੋਇਨ ਚਿੱਟੇ ਰੰਗ ਦਾ ਕੌੜਾ ਪਾਊਡਰ ਹੁੰਦਾ ਹੈ, ਜੋ ਮਾਰਫੀਨ (ਅਫ਼ੀਮ ਦਾ ਸਤ) ਤੇ ਐਸਿਟਿਕ ਐਨਹਾਇਡ੍ਰਾਇਡ ਦੇ ਰਸਾਇਣਿਕ ਸੁਮੇਲ ਤੋਂ ਬਣਾਇਆ ਜਾਂਦਾ ਹੈ। ਮਸ਼ਹੂਰ ਦਵਾਸਾਜ਼ ਕੰਪਨੀ ਬਾਇਰ (Bayer) ਨੇ ਸੰਨ 1898 ਵਿਚ ਪਹਿਲਾਂ ਪਹਿਲ ਇਸ ਨੂੰ ਇਕ ਸ਼ਕਤੀਸ਼ਾਲੀ ਦਰਦ-ਨਿਵਾਰਕ ਦਵਾ ਦੇ ਤੌਰ 'ਤੇ ਮਾਰਕੀਟ ਵਿਚ ਚਾਲੂ ਕੀਤਾ ਸੀ, ਪਰੰਤੂ ਕੁਝ ਸਾਲਾਂ ਬਾਅਦ ਇਸ ਨੂੰ ਹਟਾਉਣਾ ਪਿਆ ਕਿਉਂਕਿ ਇਸ ਦੇ ਅਸਰ ਹੇਠ ਮਰੀਜ਼ ਚੋਖਾ ਸਰੂਰ ਮਹਿਸੂਸ ਕਰਦੇ ਸਨ ਅਤੇ ਕਈ ਨਸ਼ੇ ਖਾਤਰ ਇਸ ਦੀ ਵਰਤੋਂ ਜਾਰੀ ਰੱਖਣ ਲਈ ਮਜਬੂਰ ਹੁੰਦੇ ਸਨ। ਅੱਜ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਇਸ ਦੇ ਨਿਰਮਾਣ ਤੇ ਵਣਜ ਨੂੰ ਸੰਗੀਨ ਜ਼ੁਰਮ ਕਰਾਰ ਦਿੱਤਾ ਹੋਇਆ ਹੈ। ਫਿਰ ਵੀ ਅਮਲੀਆਂ ਦੀ ਭਰਮਾਰ ਕਾਰਨ ਇਹ ਗੁਪਤ ਧੰਦਾ ਜ਼ੋਰਾਂ 'ਤੇ ਹੈ।

ਹੈਰੋਇਨ ਇਕ ਬਹੁਤ ਮਹਿੰਗਾ ਪਦਾਰਥ ਹੈ। ਅਮਰੀਕਾ ਅਤੇ ਯੂਰਪ ਵਿਚ ਇਸ ਦੀ ਬੜੀ ਮੰਗ ਹੈ। ਉਥੇ ਇਹ ਲਗਭਗ ਇਕ ਕਰੋੜ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਭਾਅ ਵਿਕਦੀ ਹੈ। ਗਰੀਬ ਵਿਕਾਸਸ਼ੀਲ ਦੇਸ਼ਾਂ ਵਿਚ ਇਸ ਦਾ ਅਸ਼ੁੱਧ ਰੂਪ ਸਮੈਕ ਵਧੇਰੇ ਪ੍ਰਚਲਿਤ ਹੈ ਅਤੇ ਇਸ ਦਾ ਮੁੱਲ 200 ਤੋਂ 300 ਪ੍ਰਤੀ ਗ੍ਰਾਮ ਹੁੰਦਾ ਹੈ। ਹੈਰੋਇਨ ਦੇ ਨਿਰਮਾਣ ਸਮੇਂ ਭੂਰੇ ਰੰਗ ਦੀ ਜੋ ਰਹਿੰਦ-ਖੂੰਦ ਬਚ ਰਹਿੰਦੀ ਹੈ, ਸਮੈਕ ਜਾਂ 'ਬਰਾਊਨ ਸ਼ੂਗਰ' ਉਸੇ ਦਾ ਨਾਂ ਹੈ। ਪ੍ਰਚੂਨ ਵਿਕ੍ਰੇਤਾ ਹੈਰੋਇਨ ਵਿਚ ਭਾਰੀ ਮਿਲਾਵਟ ਕਰਕੇ ਵੀ ਸਮੈਕ ਬਣਾ ਲੈਂਦੇ ਹਨ। ਮਿਲਾਵਟ ਲਈ ਕੁਨੀਨ, ਕੁਚਲਾ, ਧਤੂਰਾ, ਬਲੀਚਿੰਗ ਪਾਊਡਰ, ਲੈਕਟੋਜ਼, ਗੁੜ, ਮੈਦਾ, ਇੱਟ ਦਾ ਚੂਰਾ, ਅਗਰਬੱਤੀ ਦੀ ਸੁਆਹ, ਆਦਿ ਕੁਝ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਸਮੈਕ ਵਿਚ ਹੈਰੋਇਨ ਦੀ ਮਾਤਰਾ 3 ਤੋਂ 10% ਤੱਕ ਹੁੰਦੀ ਹੈ, ਕਈ ਵਾਰ ਕੇਵਲ 1% ਹੀ।

**ਹੈਰੋਇਨ ਦਾ ਅਵੈਧ ਨਿਰਮਾਣ ਤੇ ਤਸਕਰੀ** : ਦੁਨੀਆਂ ਦੀ 80% ਤੋਂ ਵੱਧ ਹੈਰੋਇਨ ਦਾ ਨਿਰਮਾਣ ਭਾਰਤ ਦੀ ਪੂਰਬੀ ਅਤੇ ਪੱਛਮੀ ਸੀਮਾ ਨਾਲ ਲੱਗੇ ਦੋ ਭੂਗੋਲਿਕ ਖਿੱਤਿਆਂ ਵਿਚ ਹੁੰਦਾ ਹੈ। ਇਹ ਹਨ : ਗੋਲਡਨ ਕ੍ਰੈਸੈਂਟ (Golden Crescent), ਜਿਸ ਵਿਚ ਪਾਕਿਸਤਾਨ, ਅਫ਼ਗਾਨਿਸਤਾਨ ਤੇ ਈਰਾਨ ਸ਼ਾਮਲ ਹਨ ਅਤੇ ਗੋਲਡਨ ਟ੍ਰਾਇਐਂਗਲ (Golden Triangle) ਜਿਸ ਵਿਚ ਬਰਮਾ, ਲਾਓਸ ਤੇ ਥਾਈਲੈਂਡ ਸ਼ਾਮਲ ਹਨ। ਇਨ੍ਹਾਂ ਦੇ ਵਿਸ਼ਾਲ ਖੇਤਰਾਂ ਵਿਚ ਅਨੇਕ ਕਬੀਲੇ ਵੱਸਦੇ ਹਨ, ਜਿਨ੍ਹਾਂ ਉੱਤੇ ਉਥੋਂ ਦੀਆਂ ਕੇਂਦਰੀ ਸਰਕਾਰਾਂ ਦਾ ਸ਼ਾਸ਼ਨ ਚੋਖਾ ਢਿੱਲਾ ਹੈ। ਇਹ ਲੋਕ ਚਿਰਾਂ ਤੋਂ ਅਫ਼ੀਮ ਦੀ ਕਾਸ਼ਤ ਤੇ ਤਸਕਰੀ ਕਰਦੇ ਆਏ ਹਨ। ਤੀਹ ਕੁ ਸਾਲ ਪਹਿਲੇ ਉਨ੍ਹਾਂ ਨੇ ਆਪਣੀਆਂ ਘਰੇਲੂ ਲਬਾਰਟਰੀਆਂ ਵਿਚ ਹੈਰੋਇਨ ਦਾ ਨਿਰਮਾਣ ਸ਼ੁਰੂ ਕਰ ਲਿਆ ਸੀ।

ਗੋਲਡਨ ਕ੍ਰੈਸੈਂਟ ਤੋਂ ਹੈਰੋਇਨ ਪਹਿਲੇ ਟਰਕੀ ਰਾਹੀਂ ਸਮੱਗਲ ਹੋਇਆ ਕਰਦੀ ਸੀ। ਅੰਤਰ-ਰਾਸ਼ਟਰੀ ਤਸਕਰਾਂ ਦੇ ਗਰੋਹ ਇਸ ਨੂੰ ਯੂਰਪ ਤੇ ਅਮਰੀਕਾ ਪਹੁੰਚਾਉਂਦੇ ਸਨ। ਬੀਤੀ ਸਦੀ ਦੇ ਸੱਤਵੇਂ ਦਹਾਕੇ ਦੇ ਅੰਤ ਵਿਚ ਇਸ ਖਿੱਤੇ ਵਿਚ ਜਬਰਦਸਤ ਸਿਆਸੀ ਉਥਲ-ਪੁਥਲ (ਸ਼ਾਹ ਈਰਾਨ ਦੀ ਫ਼ਰਾਰੀ ਅਤੇ ਅਫ਼ਗਾਨਿਸਤਾਨ ਉੱਤੇ ਰੂਸੀ ਫੌਜਾਂ ਦਾ ਹਮਲਾ) ਕਾਰਨ ਇਹ ਰਸਤਾ ਲਗਭਗ ਬੰਦ ਹੋ ਗਿਆ ਅਤੇ ਤਸਕਰੀ ਦਾ ਰੁਖ਼ ਕਰਾਚੀ (ਪਾਕਿਸਤਾਨ) ਵੱਲ ਮੁੜ ਗਿਆ। ਤਸਕਰਾਂ ਨੇ ਭਾਰਤ-ਪਾਕਿ ਸੀਮਾ ਵਿਚ ਵੀ ਅਨੇਕ ਲਾਂਘੇ ਲੱਭ ਲਏ। ਸਹਿਜੇ-ਸਹਿਜੇ ਭਾਰਤ ਕੇਵਲ ਤਸਕਰੀ ਮਾਰਗ ਨਾ ਰਹਿ ਕੇ ਡਰੱਗ ਦਾ ਖਪਤਕਾਰ ਦੇਸ਼ ਵੀ ਬਣ ਗਿਆ ਹੈ।

ਪਾਕਿਸਤਾਨ ਜਦੋਂ ਤੋਂ ਹੋਂਦ ਵਿਚ ਆਇਆ ਹੈ, ਆਪਣੀ ਜਨਤਾ ਨੂੰ ਮਜ਼ਬੂਤ ਜਮਹੂਰੀ ਸਰਕਾਰ ਨਹੀਂ ਦੇ ਸਕਿਆ। ਆਪਣੀਆਂ ਨਾਲਾਇਕੀਆਂ ਛੁਪਾਉਣ ਤੇ ਆਪਣੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਉਹ ਉਨ੍ਹਾਂ ਦਾ ਪੇਟ ਭਾਰਤ-ਵਿਰੋਧੀ ਝੂਠੇ ਤੇ ਨਫ਼ਰਤ-ਭਰੇ ਪ੍ਰਚਾਰ ਨਾਲ ਭਰਦਾ ਰਿਹਾ ਹੈ। ਉਹ ਹਰ ਹੀਲੇ ਭਾਰਤ ਨੂੰ ਅਸਥਿਰ ਕਰਨਾ ਲੋੜਦਾ ਹੈ।

ਆਪਣੀ ਸਰਜ਼ਮੀਨ 'ਤੇ ਦਹਿਸ਼ਤਗਰਦਾਂ ਦੇ ਟ੍ਰੇਨਿੰਗ ਕੈਂਪਾਂ ਦਾ ਸੰਚਾਲਨ, ਉਨ੍ਹਾਂ ਨੂੰ ਹਥਿਆਰਬੰਦ ਕਰਕੇ ਆਤੰਕ ਫੈਲਾਉਣ ਅਤੇ ਤੋੜ-ਫੋੜ ਲਈ ਭਾਰਤ ਵਿਚ ਵਾੜਨਾ, ਕਸ਼ਮੀਰੀ ਬਾਗੀ ਗੁੱਟਾਂ ਨੂੰ ਮਾਲੀ ਮੱਦਦ ਤੇ ਹਥਿਆਰ ਮੁਹੱਈਆ ਕਰਨੇ, ਭਾਰਤ ਵਿਚ ਡਰੱਗਜ਼ ਸਮੱਗਲ ਕਰਕੇ ਵੱਧ ਤੋਂ ਵੱਧ ਭਾਰਤੀਆਂ ਨੂੰ ਅਮਲੀ ਬਣਾਉਣਾ ਅਤੇ ਜਾਅਲੀ ਨੋਟਾਂ ਦਾ ਸੰਚਾਰ ਕਰਕੇ ਸਾਡੀ ਆਰਥਿਕਤਾ ਨੂੰ ਕਮਜ਼ੋਰ ਕਰਨਾ ਉਸ ਦੀਆਂ ਮੁੱਖ ਗਤੀਵਿਧੀਆਂ ਰਹੀਆਂ ਹਨ। ਇਨ੍ਹਾਂ ਕੰਮਾਂ ਦੀ ਜ਼ਿੰਮੇਵਾਰੀ ਉਸ ਨੇ ਆਪਣੀ ਫੌਜ ਦੀ ਆਈ.ਐਸ.ਆਈ. (ISI) ਸ਼ਾਖਾ ਨੂੰ ਸੌਂਪ ਰੱਖੀ ਹੈ, ਜਿਸ ਦੀ ਡਰੱਗ-ਨਿਰਮਾਤਾ ਤੇ ਸਮੱਗਲਰ ਅਨਸਰਾਂ ਨਾਲ ਡੂੰਘੀ ਸਾਂਠ-ਗਾਂਠ ਹੈ।

ਉਪਰੋਕਤ ਨਾਪਾਕ ਕਾਰਵਾਈਆਂ ਨੂੰ ਪਾਕਿਸਤਾਨ ਨੇ 'ਜਿਹਾਦ' ਦਾ ਨਾਂ ਦੇ ਰੱਖਿਆ ਹੈ ਅਤੇ ਇਸ ਲਈ ਪੈਸਾ ਕਾਫੀ ਹੱਦ ਤੱਕ ਡਰੱਗਜ਼ ਦੇ ਧੰਦੇ ਤੋਂ ਜਾਂ ਕੁਝ ਅਰਬ ਦੇਸ਼ਾਂ ਤੋਂ ਸਹਾਇਤਾ ਦੇ ਰੂਪ ਵਿਚ ਆਉਂਦਾ ਹੈ।

ਗੋਲਡਨ ਟ੍ਰਾਈਐਂਗਲ ਤੋਂ ਹੈਰੋਇਨ ਭਾਰਤ-ਬ੍ਰਹਮਾ ਸਰਹੱਦ ਰਾਹੀਂ ਨਾਗਾਲੈਂਡ, ਮਨੀਪੁਰ ਤੇ ਮੀਜ਼ੋਰਾਮ ਪ੍ਰਾਂਤਾਂ ਵਿਚ ਦਾਖਲ ਹੁੰਦੀ ਹੈ। ਕੁਝ ਦੀ ਖਪਤ ਭਾਰਤ ਵਿਚ ਹੀ ਹੋ ਜਾਂਦੀ ਹੈ, ਪਰੰਤੂ ਮੁੱਖ ਭਾਗ ਕਈ ਹੱਥਾਂ ਤੇ ਕਈ ਸ਼ਹਿਰਾਂ 'ਚੋਂ ਲੰਘ ਵਿਦੇਸ਼ਾਂ ਨੂੰ ਸਮੱਗਲ ਹੁੰਦਾ ਹੈ। ਇਨ੍ਹਾਂ ਭਾਰਤੀ ਪ੍ਰਾਂਤਾਂ ਦੇ ਪਰਲੇ ਪਾਰ ਬਰਮਾ ਦੀ ਸੋਮਰਾ ਘਾਟੀ ਹੈ, ਜਿੱਥੇ ਸਾਗਵਾਨ ਦੇ ਘਣੇ ਜੰਗਲ ਹਨ। ਵੱਸੋਂ ਸਮੁੱਚੇ ਰੂਪ ਵਿਚ ਬਾਗੀ ਕਬੀਲਿਆਂ ਦੀ ਹੈ। ਉਨ੍ਹਾਂ ਦੇ ਕਈ ਮੁਖੀਆਂ ਨੇ ਨਿੱਜੀ ਫੌਜੀ ਦਸਤੇ ਵੀ ਰੱਖੇ ਹੋਏ ਹਨ। ਪੋਸਤ ਦੀ ਖੇਤੀ ਤੇ ਹੈਰੋਇਨ ਦੀ ਤਸਕਰੀ ਉਨ੍ਹਾਂ ਦਾ ਧੰਦਾ ਹੈ। ਰਾਤ ਦੇ ਹਨ੍ਹੇਰੇ ਵਿਚ ਇਸਤਰੀ ਤੇ ਮਰਦ ਪਿਆਦੇ ਜੰਗਲ ਲੰਘ ਡਰੱਗ ਸਰਹੱਦ ਪਾਰ ਦੇ ਸਮੱਗਲਰਾਂ ਤੱਕ ਪਹੁੰਚਾਆਉਂਦੇ ਹਨ।

ਸਾਗਵਾਨ, ਚਾਵਲ ਤੇ ਹੋਰ ਤਿਜਾਰਤੀ ਸਾਮਾਨ ਨਾਲ ਲੱਦੇ ਟਰੱਕਾਂ ਵਿਚ ਲੁਕਾਈ ਡਰੱਗ ਵੀ ਇਧਰ ਪਹੁੰਚਦੀ ਹੈ। ਕਈ ਵਾਰ ਸਰਹੱਦ ਨੇੜੇ ਚਰਦੇ ਡੰਗਰਾਂ ਨੂੰ ਇਸ ਦੇ ਬੰਦ ਪੈਕਟ ਨਿਗਲਵਾ ਕੇ ਭਾਰਤੀ ਇਲਾਕੇ ਵਿਚ ਧੱਕ ਦਿੱਤਾ ਜਾਂਦਾ ਹੈ, ਜਿਥੇ ਇਹ ਉਨ੍ਹਾਂ ਦੇ ਗੋਬਰ ਵਿਚੋਂ ਕੱਢ ਕੇ ਸਮੇਟ ਲਏ ਜਾਂਦੇ ਹਨ। ਭਾਰਤ ਵਿਚ ਸੀਮਾ ਸੁਰੱਖਿਆ ਕਰਮੀਆਂ ਅਤੇ ਕਸਟਮ ਅਧਿਕਾਰੀਆਂ ਦੁਆਰਾ ਡਰੱਗਜ਼ ਪਕੜੇ ਜਾਣ ਦੇ ਮਾਮਲਿਆਂ ਤੋਂ ਸਮਗਲਿੰਗ ਦੇ ਹੋਰ ਕਈ ਵਚਿੱਤਰ ਢੰਗਾਂ ਦਾ ਪਤਾ ਚੱਲਿਆ ਹੈ। ਸੂਟ ਕੇਸਾਂ, ਕਾਰਾਂ ਤੇ ਟਰੱਕਾਂ ਦੀਆਂ ਖੋਖਲੀਆਂ ਕੰਧਾਂ ਵਿਚ ਅਤੇ ਖਿਡੌਣਿਆਂ, ਟਾਇਰਾਂ, ਟਿਊਬਾਂ, ਮਸ਼ੀਨਰੀ ਆਦਿ ਵਿਚ ਛੁਪਾਈ ਡਰੱਗ ਕਈ ਵਾਰ ਫੜੀ ਗਈ ਹੈ। ਭਾਰਤ-ਪਾਰ ਸੀਮਾ ਦੇ ਆਰ-ਪਾਰ ਖੁਦੀਆਂ ਸੁਰੰਗਾਂ, ਜਿਨ੍ਹਾਂ ਦੇ ਮੂੰਹ ਝਾੜੀਆਂ ਜਾਂ ਉੱਚੇ ਘਾਹ ਵਿਚ ਛੁਪੇ ਹੁੰਦੇ ਹਨ, ਵੀ ਮਿਲੀਆਂ ਹਨ, ਜਿਨ੍ਹਾਂ ਦਾ ਉਦੇਸ਼ ਭਾਰਤ ਵਿਚ ਡਰੱਗ, ਹਥਿਆਰ ਤੇ ਘੁੱਸ-ਪੈਠੀਏ ਦਾਖ਼ਲ ਕਰਨਾ ਹੁੰਦਾ ਹੈ। ਕਈ ਵਾਰ ਲੋਕ ਆਪਣੇ ਮਿਹਦੇ, ਗੁਦਾ ਜਾਂ ਯੋਨੀ ਵਿਚ ਡਰੱਗ ਦੇ ਛੋਟੇ-ਛੋਟੇ ਪਲਾਸਟਿਕ ਪੈਕਟ ਛੁਪਾ ਕੇ ਸਫ਼ਰ ਕਰਦੇ ਵੀ ਫੜੇ ਜਾ ਚੁੱਕੇ ਹਨ। ਇਹ ਬੜੇ ਖ਼ਤਰੇ ਵਾਲਾ ਕੰਮ ਹੈ। ਜੇ ਕੋਈ ਪੈਕਟ ਅੰਦਰ ਲੀਕ (Leak) ਕਰ ਜਾਏ ਤਾਂ ਜਾਨ ਤੋਂ ਹੱਥ ਵੀ ਧੋਣਾ ਪੈ ਸਕਦਾ ਹੈ। ਦੋ ਸਾਲ ਪਹਿਲਾਂ ਇਕ ਔਰਤ ਨੂੰ ਹਵਾਈ ਜਹਾਜ਼ ਰਾਹੀਂ ਇਕ ਜਵਾਨ ਲੜਕੀ ਦੀ ਲਾਸ਼ ਨਾਲ ਸੰਯੁਕਤ ਰਾਸ਼ਟਰ ਅਮੀਰਾਤ (UAE) ਪਹੁੰਚਣ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੇ ਲਾਸ਼ ਵਿਚ ਹੈਰੋਇਨ ਛੁਪਾਈ ਹੋਈ ਸੀ ਅਤੇ ਸ਼ਾਇਦ ਇਸੇ ਉਦੇਸ਼ ਨਾਲ ਲੜਕੀ ਦੀ ਹੱਤਿਆ ਕੀਤੀ ਗਈ ਸੀ।

ਅੱਜ ਤੋਂ 30 ਕੁ ਸਾਲ ਪਹਿਲੇ ਭਾਰਤ ਦੇ ਮਹਾਂਨਗਰਾਂ ਅਤੇ ਮਸ਼ਹੂਰ ਸੈਰਗਾਹਾਂ ਵਿਚ ਹੈਰੋਇਨ ਤੇ ਸਮੈਕ ਦੇ ਅਮਲ ਦੀ ਦਾਗ਼-ਬੇਲ ਪਈ ਸੀ। ਸਹਿਜੇ-ਸਹਿਜੇ ਇਹ ਕੋੜ੍ਹ, ਛੋਟੇ ਸ਼ਹਿਰਾਂ ਵਿਚ ਵੀ ਫੈਲ ਗਿਆ ਅਤੇ ਹੁਣ ਪਿੰਡਾਂ ਵੱਲ ਵੱਧ ਰਿਹਾ ਹੈ। ਸ਼ਹਿਰਾਂ ਵਿਚ ਕਈ ਢਾਬੇ, ਹੋਟਲ, ਟੀ ਸਟਾਲ, ਪਨਵਾੜੀ ਤੇ ਨੀਮ ਹਕੀਮ ਸਮੈਕ ਦਾ ਪਰਚੂਨ ਧੰਦਾ ਕਰ ਰਹੇ ਹਨ। ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿਚ ਹਰ ਗੰਦੀ ਬਸਤੀ ਦਾ ਕੋਈ ਨਾ ਕੋਈ 'ਦਾਦਾ' ਹੁੰਦਾ ਹੈ। ਉਨ੍ਹਾਂ ਵਿਚੋਂ ਵੀ ਕਈ ਇਸ ਧੰਦੇ ਵਿਚ ਲਿਪਤ ਹਨ। ਚੰਡੀਗੜ੍ਹ, ਪੰਚਕੂਲਾ ਤੇ ਮੋਹਾਲੀ ਵਿਚ ਅਫ਼ਰੀਕਾ ਤੋਂ ਆਏ ਹਬਸ਼ੀ ਵਿਦਿਆਰਥੀ ਸਮੈਕ ਦਾ ਵੱਡਾ ਸਰੋਤ ਹਨ। ਮੋਬਾਇਲ ਫ਼ੋਨ ਲਈ, ਮੋਟਰਸਾਈਕਲਾਂ 'ਤੇ ਸਵਾਰ ਉਹ, ਇਹ ਕੰਮ ਬੜੀ ਚੌਕਸੀ ਨਾਲ ਕਰਦੇ ਹਨ। ਇਲਾਜ ਕਰਵਾਉਣ ਲਈ ਆਏ ਅਮਲੀਆਂ ਤੋਂ ਸਾਨੂੰ ਪਤਾ ਲੱਗਿਆ ਹੈ ਕਿ ਚੰਡੀਗੜ੍ਹ ਅਤੇ ਆਸ-ਪਾਸ ਦੇ ਇਲਾਕੇ ਵਿਚ ਦੋ ਪ੍ਰਕਾਰ ਦੀ ਸਮੈਕ ਉਪਲਬਧ ਹੈ-ਅਫ਼ਗਾਨੀ ਅਤੇ ਦੇਸੀ। ਅਫ਼ਗਾਨੀ ਸਮੈਕ ਦਾ ਰੰਗ ਹਲਕੇ ਤੋਂ ਗੂੜ੍ਹਾ ਭੂਰਾ ਹੁੰਦਾ ਹੈ ਅਤੇ ਇਸ ਦਾ ਨਸ਼ਾ 3-4 ਘੰਟੇ ਰਹਿੰਦਾ ਹੈ। ਦੇਸੀ ਸਮੈਕ ਕਾਲੇ ਰੰਗ ਦੀ ਹੁੰਦੀ ਹੈ ਅਤੇ ਨਸ਼ਾ 6-8 ਘੰਟੇ ਛਾਇਆ ਰਹਿੰਦਾ ਹੈ। ਸੁਣਿਆ ਹੈ ਕਿ ਸ਼ਾਹਾਬਾਦ ਦਾ ਕੋਈ ਢਾਬਾ ਇਸ ਦਾ ਨਿਰਮਾਣ ਕਰ ਰਿਹਾ ਹੈ ਅਤੇ ਸ਼ਾਇਦ ਕਈ ਦੂਜੇ ਨਸ਼ੀਲੇ ਪਦਾਰਥ ਵੀ ਇਸ ਵਿਚ ਸ਼ਾਮਲ ਕੀਤੇ ਜਾਂਦੇ ਹਨ।


**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

**ਕਮਰਿਆਂ ਦੀ ਬੁਕਿੰਗ**

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਫੁੱਲ ਅਤੇ ਰੁੱਖ



ਮਨੁੱਖ ਦਾ ਫੁੱਲਾਂ ਅਤੇ ਦਰੱਖਤਾਂ ਨਾਲ ਕਿੰਨਾ ਹੀ ਪੁਰਾਣਾ ਏ। ਵੇਦਾਂ, ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕ੍ਰਿਤਕ ਮਹੱਤਤਾ ਦਰਸਾਈ ਗਈ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਇਸ ਕਰਕੇ ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ। ਰੁੱਖ ਹੀ ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਲੋੜਾਂ ਪੂਰੀਆਂ ਕਰਦੇ ਹਨ। ਕੁਦਰਤ ਨੇ ਮਨੁੱਖ ਤੋਂ ਪਹਿਲਾਂ ਜੰਗਲ-ਬੇਲੇ ਇਸ ਲਈ ਪੈਦਾ ਕੀਤੇ ਕਿਉਂਕਿ ਇਨ੍ਹਾਂ ਤੋਂ ਬਿਨਾਂ ਮਨੁੱਖੀ ਜੀਵਨ ਅਸੰਭਵ ਸੀ।

ਮਹਿਕਾਂ ਭਰੇ ਮਨਮੋਹਣੇ ਫੁੱਲਾਂ ਨਾਲ ਹਾਰ-ਸ਼ਿੰਗਾਰ ਕਰਨਾ ਸਾਡੀ ਅਤਿ ਪੁਰਾਣੀ ਸੱਭਿਅਤਾ ਦਾ ਹਿੱਸਾ ਰਿਹਾ ਹੈ। ਸੰਸਾਰ ਦੇ ਲੋਕ ਸਦਾ ਤੋਂ ਹੀ ਫੁੱਲਾਂ ਅਤੇ ਦਰੱਖਤਾਂ ਨਾਲ ਪਿਆਰ ਕਰਦੇ ਰਹੇ ਹਨ। ਪ੍ਰਾਹੁਣਿਆਂ ਨੂੰ ਫੁੱਲਾਂ ਦੇ ਹਾਰਾਂ ਨਾਲ ਨਿਵਾਜਣਾ ਅਤੇ ਆਏ ਹੋਏ ਪ੍ਰਾਹੁਣੇ ਨੂੰ ਦਰੱਖਤ ਦੇ ਛਾਵੇਂ ਬਿਠਾਉਣਾ ਸਾਡੀ ਇਕ ਪੁਰਾਤਨ ਰੀਤ ਹੈ। ਅੱਜਕਲ੍ਹ ਸਾਡੇ ਦੇਸ਼ ਵਿਚ ਵੀ ਘਰੇਲੂ ਫੁਲਵਾੜੀ ਹਰਮਨ ਪਿਆਰੀ ਹੋ ਰਹੀ ਹੈ। ਫੁੱਲਾਂ ਦੀਆਂ ਦੁਕਾਨਾਂ ਸਾਡੇ ਸ਼ਹਿਰਾਂ ਜਾਂ ਕਸਬਿਆਂ ਵਿਚ ਆਮ ਖੁੱਲ੍ਹੀਆਂ ਮਿਲਦੀਆਂ ਹਨ ਜਿਥੋਂ ਹਰ ਤਰ੍ਹਾਂ ਦੇ ਫੁੱਲ ਸਾਰੇ ਸਮਾਜਿਕ ਮੌਕਿਆਂ ਲਈ ਮਿਲਦੇ ਹਨ।

ਵਾਤਾਵਰਣ ਦਾ ਇਹ ਛੋਟਾ ਜਿਹਾ ਹਿੱਸਾ ਸਾਡੇ ਲਈ ਅਤੇ ਹੋਰ ਬਹੁਤ ਸਾਰੇ ਜੀਵ-ਜੰਤੂਆਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਜੇਕਰ ਆਪਣੇ ਆਲੇ-ਦੁਆਲੇ ਨੂੰ ਤਰ੍ਹਾਂ-ਤਰ੍ਹਾਂ ਦੇ ਕੀਟਨਾਸ਼ਕਾਂ, ਨਦੀਣਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਨਾਲ ਜ਼ਹਿਰੀਲਾ ਬਣਾ ਲਵਾਂਗੇ ਤਾਂ ਓਸੇ ਜ਼ਹਿਰ ਨਾਲ ਹੀ ਸਾਡਾ ਅੰਤ ਹੋਵੇਗਾ। ਮਾਨਸਿਕ ਅਤੇ ਸਰੀਰਕ ਸੰਤੁਲਨ ਕਾਇਮ ਤੇ ਸਥਿਰ ਰੱਖਣ ਲਈ ਬਗੀਚੀ ਵਿਚ ਕੰਮ ਕਰਨ ਨਾਲੋਂ ਹੋਰ ਕੋਈ ਚੰਗਾ ਕੰਮ ਨਜ਼ਰ ਨਹੀਂ ਆਉਂਦਾ।




**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**


ਅੱਜਕਲ੍ਹ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਇਸ ਕੰਮ ਲਈ ਕੀਤੀ ਜਾਂਦੀ ਹੈ। ਇਸ ਦੀ ਸਪਰੇਅ ਨਾਲ ਗਰਭ ਵਿਚ ਬੱਚਿਆਂ ਉਤੇ ਵੀ ਭੈੜਾ ਅਸਰ ਹੁੰਦਾ ਹੈ। ਸੰਸਾਰ ਦੇ ਕਈ ਦੇਸ਼ਾਂ ਨੇ ਇਸ ਦੀ ਵਰਤੋਂ ਕਾਨੂੰਨੀ ਬੰਦ ਕਰ ਦਿੱਤੀ ਏ।



ਸਮੂਹ ਜੀਵਾਂ ਦੀ ਹੋਂਦ ਇਕ ਦੂਜੇ 'ਤੇ ਨਿਰਭਰ ਹੈ ਅਤੇ ਅਸੀਂ ਸਾਰੇ ਹਾਨੀਕਾਰਕ ਕੀੜਿਆਂ ਨੂੰ ਕਦੀ ਵੀ ਪੂਰੀ ਤਰ੍ਹਾਂ ਨਸ਼ਟ ਨਹੀਂ ਕਰ ਸਕਦੇ। ਜੇਕਰ ਕੁਦਰਤੀ ਸੰਤੁਲਨ ਵਿਗੜ ਜਾਵੇ ਤਾਂ ਸਥਿਤੀ ਉਤੇ ਕਾਬੂ ਪਾਉਣ ਖਾਤਰ ਇਨ੍ਹਾਂ ਕੀੜਿਆਂ ਦਾ ਪੂਰਾ ਸਰਵੇਖਣ ਕਰਨਾ ਬਣਦਾ ਹੈ।

ਕਈ ਸਬਜ਼ੀਆਂ ਤੇ ਫੁੱਲਾਂ ਦੀ ਮਿਲਾਵਟੀ ਬਿਜਾਈ ਕਰਨ ਨਾਲ ਬਹੁਤ ਸਾਰੇ ਰੋਗ ਨਹੀਂ ਲੱਗਦੇ। ਜਿਵੇਂ ਲੱਸਣ ਜਾਂ ਗਾਜਰਾਂ ਵਿਚ ਸਦਬਰਗ। ਫੁੱਲਾਂ ਉਤੇ ਭੌਰੇ ਆਉਂਦੇ ਨੇ ਡੇਮੂ ਅਤੇ ਬਡਿਆਲ ਵੀ ਆਉਂਦੇ ਹਨ। ਉਹ ਕਈ ਕਿਸਮ ਦੇ

ਕੀੜਿਆਂ ਨੂੰ ਖਾਂਦੇ ਹਨ। ਜੈਵਿਕ ਬਾਗਬਾਨੀ ਰਾਹੀਂ ਅਸੀਂ ਆਪਣਾ ਹੀ ਨਹੀਂ ਸਗੋਂ ਇਸ ਧਰਤੀ ਉਤੇ ਵਸਦੇ ਜੀਵਾਂ ਦਾ ਵੀ ਅੱਗਾ ਸਵਾਰਾਂਗੇ।

ਪਿੱਪਲ ਨੂੰ ਕਈ ਬੀਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ। ਇਸ ਦੀ ਸੁੱਕੀ ਛਿੱਲ ਨੂੰ ਸਾੜ ਕੇ, ਪਾਣੀ ਵਿਚ ਘੋਲਣ ਉਪਰੰਤ ਪੁਣ ਕੇ ਪਿਆਉਣ ਨਾਲ ਉਲਟੀਆਂ, ਟੱਟੀਆਂ ਅਤੇ ਮਰੋੜ ਦੂਰ ਹੋ ਜਾਂਦੇ ਹਨ। ਦੰਦਾਂ ਤੇ ਮਸੂੜਿਆਂ ਦੇ ਰੋਗਾਂ ਲਈ ਅਤੇ ਹੋਰ ਵੀ ਵਸਤੂਆਂ ਤਿਆਰ ਕਰਨ ਲਈ ਇਸ ਦੀ ਛਿੱਲ ਦੀ ਵਰਤੋਂ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ 'ਬੋਹੜ' ਦਾ ਰੁੱਖ ਆਪਣੀ ਵਡੇਰੀ ਉਮਰ ਅਤੇ ਸੰਘਣੇਪਣ ਲਈ ਪ੍ਰਸਿੱਧ ਹੈ। ਇਹ ਕਈ ਸੌ ਸਾਲ ਜਿਉਂਦਾ ਰਹਿੰਦਾ ਹੈ ਅਤੇ 70 ਤੋਂ 100 ਫੁੱਟ ਤੱਕ ਉਚਾ ਹੋ ਜਾਂਦਾ ਹੈ। ਬੋਹੜ ਨੂੰ ਬੜ ਜਾਂ ਬਰੋਟਾ ਵੀ ਕਿਹਾ ਜਾਂਦਾ ਹੈ। ਇਸ ਦੀ ਲੱਕੜ ਸਿਰਫ਼ ਬਾਲਣ ਦੇ ਕੰਮ ਆਉਂਦੀ ਹੈ। ਇਸ ਕਰਕੇ ਅੱਜਕਲ੍ਹ ਇਹ ਰੁੱਖ ਘੱਟ ਨਜ਼ਰ ਆਉਂਦਾ ਹੈ। ਇਹ ਗਰਮੀਆਂ ਵਿਚ ਠੰਡੀ ਤੇ ਸੰਘਣੀ ਛਾਂ ਦਿੰਦਾ ਹੈ।

ਫੁੱਲ ਅਤੇ ਰੁੱਖ ਪੰਜਾਬੀ ਸਭਿਆਚਾਰ ਦੀ ਜਿੰਦ-ਜਾਨ ਹਨ। ਵੈਦ ਲੋਕ ਕਿੱਕਰ ਦੇ ਫੁੱਲਾਂ ਦੀ ਗੁਲਕੰਦ ਬਣਾਉਂਦੇ ਹਨ ਜੋ ਫੋੜੇ ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖ਼ੂਨ ਵੀ ਸਾਫ਼ ਕਰਦੀ ਹੈ। ਇਸ ਦੇ ਫੁੱਲ ਲਕੋਰੀਆਂ ਬੀਮਾਰੀ ਦੇ ਇਲਾਜ ਲਈ ਵੀ ਵਰਤੇ ਜਾਂਦੇ ਹਨ। ਕਿੱਕਰ ਦੀ ਦਾਤਣ ਦੀ ਰੋਜ਼ਾਨਾ ਵਰਤੋਂ ਹੁੰਦੀ ਹੈ। ਇਹ ਜਿਥੇ ਦੰਦ ਸਾਫ਼ ਕਰਦੀ ਹੈ, ਉਥੇ ਮਸੂੜਿਆਂ ਨੂੰ ਵੀ ਬੀਮਾਰੀਆਂ ਤੋਂ ਬਚਾਈ ਰੱਖਦੀ ਹੈ।

ਰੁੱਖ ਲਾਉਣਾ ਪਰਉਪਕਾਰ ਵਾਲਾ ਕੰਮ ਹੈ ਕਿਉਂਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਸੁੱਖ ਮਾਣਦੀਆਂ ਹਨ। ਕਿਹਾ ਜਾਂਦਾ ਹੈ ਕਿ ਇਕ ਰੁੱਖ ਲਾਉਣ ਵਾਲੇ ਨੂੰ ਦੱਸ ਪੁੱਤਰਾਂ ਵਾਲਾ ਸੁੱਖ ਮਿਲਦਾ ਹੈ। ਪ੍ਰੋ. ਮੋਹਨ ਸਿੰਘ ਨੇ ਰੁੱਖ ਅਤੇ ਮਾਂ ਨੂੰ ਇਕੋ ਜਿਹਾ ਦਰਜਾ ਦਿੰਦਿਆਂ ਕਿਹਾ ਹੈ :

**ਮਾਂ ਜਿਹਾ ਘਣਛਾਵਾਂ ਬੂਟਾ**
**ਕਿਧਰੇ ਨਜ਼ਰ ਨਾ ਆਵੇ।**
**ਜਿਸ ਤੋਂ ਲੈ ਕੇ ਛਾਂ ਉਧਾਰੀ**
**ਰੱਬ ਨੇ ਸਵਰਗ ਬਣਾਇਆ।**

ਧਰਤੀ ਉਤੇ ਰੁੱਖ ਜਾਂ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਰਤਮਨ ਸਮੇਂ ਵਿਚ ਧਰਤੀ ਉਤੇ ਹੋ ਰਹੀ ਜੰਗਲਾਂ ਦੀ ਲਗਾਤਾਰ ਅਤੇ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ ਜਿਸ ਦਾ ਸਿੱਟਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ। ਸਾਡਾ ਇਹ ਕਰਤੱਵ ਜ਼ਰੂਰ ਹੈ ਕਿ ਅਸੀਂ ਆਪਣੀ ਮਾਂ-ਮਿੱਟੀ ਨੂੰ ਜ਼ਹਿਰੀਲਾ ਨਾ ਬਣਾਈਏ। ਭੋਂ ਵਿਚ ਕੁਝ ਵੀ ਸੁੱਟਣ ਜਾਂ ਪਾਉਣ ਤੋਂ ਪਹਿਲਾਂ ਸੋਚੀਏ ਕਿ ਇਸ ਦਾ ਕੀ ਅਸਰ ਹੋਵੇਗਾ?

ਫੁੱਲਾਂ ਅਤੇ ਰੁੱਖਾਂ ਦੀ ਮਹਿਕ ਮਾਣੋ। ਸਿਹਤਮੰਦ ਸਬਜ਼ੀਆਂ, ਫਲਾਂ ਅਤੇ ਹੋਰ ਸਿਹਤਮੰਦ ਪਦਾਰਥਾਂ ਦਾ ਅਸੀਂ ਅਨੰਦ ਤਾਂ ਹੀ ਮਾਣ ਸਕਦੇ ਹਾਂ ਜੇਕਰ ਸਾਡਾ ਹਵਾ-ਪਾਣੀ ਸ਼ੁੱਧ ਹੋਵੇ ਅਤੇ ਸਾਡੀ ਧਰਤੀ ਪ੍ਰਦੂਸ਼ਣ ਰਹਿਤ ਹੋਵੇ।

# MEMBERS OF THE NEWLY CONSTITUTED EDITORIAL BOARD, LOBANA SEWAK



**S. Pritam Singh Naurangpur (Chief Editor)**



**Er. Harbhajan SINGH**
**Dy. Chief Engineer (Retd.) (Addl. Chief Editor)**



**Er. Gurcharan Singh ARO (Retd.) (Addl. Chief Editor**




**Er. Parminderjit Singh Editor**



**S. Surinder Singh Ruby ETO (Retd.) Co-Editor**



**Er. Kulbir Singh Sujlana S.E. (Retd.) Advisor**



**S. Naginder Singh Session Judge (Retd.) Legal Advisor**



**Sdn. Harpreet Kaur Pelia Advisor**



**S. Kashmir Singh Advisor**

# ਆਓ ਜਾਣੀਏ !

- ਸੰਪਾਦਕ

1. ਕਿਸ ਮੁਗਲ ਸ਼ਾਸ਼ਕ ਨੇ ਗੁਰੂ ਹਰਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾਇਆ ਸੀ?
ੳ) ਅਕਬਰ — ਅ) ਔਰੰਗਜ਼ੇਬ
ੲ) ਸ਼ਾਹਜਹਾਨ — ਸ) ਜਹਾਂਗੀਰ — (ਸ)

2. ਬੰਦਾ ਬਹਾਦਰ ਨੂੰ ਕਿਸ ਸਥਾਨ ਤੋਂ ਕੈਦੀ ਬਣਾਇਆ ਗਿਆ?
ੳ) ਗੁਰਦਾਸ ਨੰਗਲ — ਅ) ਚੱਪਰ-ਚਿੜੀ
ੲ) ਕਲਾਨੌਰ — ਸ) ਰੰਗੜ ਨੰਗਲ — (ੳ)

3. 'ਦਿਲਬਾਗ' ਤੇ 'ਗੁਲਬਾਗ' ਨਾਂ ਦੇ ਘੋੜਿਆਂ ਦਾ ਸਬੰਧ ਕਿਸ ਗੁਰੂ ਸਾਹਿਬਾਨ ਨਾਲ ਸੀ?
ੳ) ਗੁਰੂ ਤੇਗ ਬਹਾਦਰ ਜੀ — ਅ) ਗੁਰੂ ਗੋਬਿੰਦ ਸਿੰਘ ਜੀ
ੲ) ਗੁਰੂ ਹਰਗੋਬਿੰਦ ਸਾਹਿਬ ਜੀ — ਸ) ਗੁਰੂ ਹਰਕ੍ਰਿਸ਼ਨ ਸਾਹਿਬ ਜੀ — (ੲ)

4. ਗੁਰੂ ਹਰਿਕ੍ਰਿਸ਼ਨ ਜੀ ਕੁੱਲ ਕਿੰਨੇ ਸਮੇਂ ਲਈ ਗੁਰੂ ਸਿੰਘਾਸਨ ਤੇ ਬਿਰਾਜਮਾਨ ਰਹੇ?
ੳ) ਪੰਜ ਸਾਲ — ਅ) ਛੇ ਸਾਲ
ੲ) ਤਿੰਨ ਸਾਲ — ਸ) 1 ਸਾਲ — (ੲ)

5. 'ਸੁਥਰਾ ਸ਼ਾਹ' ਕਿਸ ਗੁਰੂ ਸਾਹਿਬ ਦੇ ਦਰਬਾਰ ਦਾ ਸ਼ਿੰਗਾਰ ਸੀ?
ੳ) ਗੁਰੂ ਗੋਬਿੰਦ ਸਿੰਘ ਜੀ — ਅ) ਗੁਰੂ ਹਰਿਕ੍ਰਿਸ਼ਨ ਜੀ
ੲ) ਗੁਰੂ ਹਰਗੋਬਿੰਦ ਜੀ — ਸ) ਗੁਰੂ ਹਰਿਰਾਇ ਜੀ — (ੲ)

6. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?
ੳ) 1830 ਈ. — ਅ) 1870 ਈ.
ੲ) 1780 ਈ. — ਸ) 1708 — (ੲ)

7. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕਿੰਨੇ ਵਿਅਕਤੀ ਗੁਰਗੱਦੀ ਦੇ ਦਾਅਵੇਦਾਰ ਬਣ ਗਏ?
ੳ) 22 — ਅ) 31
ੲ) 20 — ਸ) 25 — (ੳ)

8. ਕਿਸ ਮੁਗਲ ਸਮਰਾਟ ਦੇ ਸਮੇਂ ਗੁਰੂ ਹਰਗੋਬਿੰਦ ਜੀ ਅਤੇ ਮੁਗਲਾਂ ਵਿਚਕਾਰ ਅੰਮ੍ਰਿਤਸਰ, ਲਹਿਰਾ, ਕਰਤਾਰਪੁਰ ਅਤੇ ਫਗਵਾੜਾ ਵਿਖੇ ਚਾਰ ਯੁੱਧ ਹੋਏ?
ੳ) ਜਹਾਂਗੀਰ — ਅ) ਹਮਾਯੂੰ
ੲ) ਅਕਬਰ — ਸ) ਸ਼ਾਹਜਹਾਨ — (ਸ)

9. ਗੁਰੂ ਹਰਗੋਬਿੰਦ ਜੀ ਨੇ ਆਪਣੇ ਜੀਵਨ ਦੇ ਅੰਤਿਮ ਦਸ ਵਰ੍ਹੇ ਕਿਥੇ ਬਿਤਾਏ?
ੳ) ਕੀਰਤਪੁਰ ਸਾਹਿਬ — ਅ) ਬਾਬਾ ਬਕਾਲਾ
ੲ) ਕਰਤਾਰਪੁਰ ਸਾਹਿਬ — ਸ) ਗੋਇੰਦਵਾਲ ਸਾਹਿਬ — (ੳ)

10. ਉਸ ਫੌਜਦਾਰ ਦਾ ਨਾਂ ਕੀ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਦੀ ਸ਼ਹੀਦੀ ਲਈ ਜ਼ਿੰਮੇਵਾਰ ਸੀ ਅਤੇ ਉਸ ਨੂੰ ਬੰਦਾ ਸਿੰਘ ਬਹਾਦਰ ਨੇ ਮੌਤ ਦੇ ਘਾਟ ਉਤਾਰਿਆ?
ੳ) ਵਜ਼ੀਰ ਖ਼ਾਨ — ਅ) ਅਬਦੁਲ ਸਮਦ ਖ਼ਾਨ
ੲ) ਦਲੇਰ ਖ਼ਾਨ — ਸ) ਖਿਜ਼ਰ ਖ਼ਾਨ — (ੳ)

# ਸ਼ੋਕ ਸਮਾਚਾਰ



ਸਮੂਹ ਸੰਗਤ ਨੂੰ ਬੜੇ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਜੀ ਦੀ ਸਤਿਕਾਰਯੋਗ ਮਾਤਾ ਰਵੇਲ ਕੌਰ ਜੀ ਪਤਨੀ ਸਵ. ਸੂਬੇਦਾਰ ਮੇਜਰ ਸੁਧਾ ਸਿੰਘ ਜੀ, ਜੋ ਕਿ ਮਿਤੀ 29-05-2020 ਨੂੰ 93 ਸਾਲਾਂ ਦੀ ਉਮਰ ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਦੀ ਆਤਮਾ ਦੀ ਸ਼ਾਤੀ ਲਈ ਮਿਤੀ 06-06-2020 ਨੂੰ ਗੁਰਦੁਆਰਾ ਸਿੰਘ ਸਭਾ, ਫੇਸ-11, ਮੋਹਾਲੀ ਵਿਖੇ ਅਰਦਾਸ ਕੀਤੀ ਗਈ। ਉਹਨਾਂ ਦੇ ਤਿੰਨ ਸਪੁੱਤਰ ਸ. ਅਮਰਜੀਤ ਸਿੰਘ, ਸ. ਗੁਰਜੀਤ ਸਿੰਘ ਅਤੇ ਸ. ਗੁਰਇਕਬਾਲ ਸਿੰਘ (ਜਰਮਨੀ) ਅਤੇ ਉਨ੍ਹਾਂ ਦੀਆਂ ਸਪੁੱਤਰੀ ਸ੍ਰੀਮਤੀ ਪ੍ਰਿਤਪਾਲ ਕੌਰ ਰਿਟਾ. ਅਸਿਸਟੈਂਟ ਸੈਕਟਰੀ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਸ੍ਰੀਮਤੀ ਮਲਕੀਤ ਕੌਰ ਅਤੇ ਸ੍ਰੀਮਤੀ ਗੁਰਸ਼ਰਨਜੀਤ ਕੌਰ ਆਪਣੇ ਪਰਿਵਾਰਾਂ ਸਮੇਤ ਸੁਖੀ ਜੀਵਨ ਬਤੀਤ ਕਰ ਰਹੀਆਂ ਹਨ। ਉਹਨਾਂ ਦੀ ਅੰਤਿਮ ਅਰਦਾਸ ਵਿਚ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਅਤੇ ਸਾਰੀ ਮੈਨੇਜਮੈਂਟ ਕਮੇਟੀ ਅਤੇ ਬਿਰਾਦਰੀ ਦੇ ਬਹੁਤ ਸਾਰੇ ਪਤਵੰਤੇ ਸੱਜਣ ਹਾਜ਼ਰ ਸਨ।

ਇਸ ਮੌਕੇ ਸ. ਜੋਗਿੰਦਰ ਸਿੰਘ ਅਜੈਬ ਨੇ ਆਏ ਹੋਏ ਪਤਵੰਤੇ ਸੱਜਣਾਂ, ਰਿਸ਼ਤੇਦਾਰਾਂ ਨੂੰ ਇਸ ਔਖੇ ਸਮੇਂ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮਾਤਾ ਜੀ ਦੇ ਪਰਿਵਾਰ ਦਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਪ੍ਰਗਤੀ ਵਿਚ ਬਹੁਤ ਵੱਡਾ ਯੋਗਦਾਨ ਹੈ, ਜੋ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਪ੍ਰਧਾਨ ਸਾਹਿਬ ਨੇ ਆਏ ਹੋਏ ਪਤਵੰਤੇ ਸੱਜਣਾਂ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਾ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਵੱਲੋਂ : ਜੋਗਿੰਦਰ ਸਿੰਘ ਅਜੈਬ**

# ਸ਼ੋਕ ਸਮਾਚਾਰ



ਸਮੂਹ ਸੰਗਤ ਨੂੰ ਬੜੇ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਦੇ ਸਾਬਕਾ ਸੀਨੀਅਰ ਵਾਈਸ ਪ੍ਰਧਾਨ ਕੈਪਟਨ ਕਾਬਲ ਸਿੰਘ ਜੀ ਜੋ ਕਿ ਮਿਤੀ 19-06-2020 ਨੂੰ 82 ਸਾਲਾਂ ਦੀ ਉਮਰ ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਕੈਪਟਨ ਕਾਬਲ ਸਿੰਘ ਜੀ ਇਕ ਬਹੁਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ। ਉਹ ਧਾਰਮਿਕ, ਸਮਾਜਿਕ, ਰਾਜਨੀਤਕ ਸੇਵਾਵਾਂ ਨਾਲ ਜੁੜੇ ਹੋਏ ਸਨ। ਉਹ ਸੱਚੇ ਅਤੇ ਸਾਫ਼ ਦਿਲ ਇਨਸਾਨ ਸਨ। ਉਨ੍ਹਾਂ ਨੂੰ ਇਕ ਨਿਸ਼ਕਾਮ ਸੇਵਾਦਾਰ ਕਰਕੇ ਇਲਾਕੇ ਵਿਚ ਜਾਣਿਆ ਜਾਂਦਾ ਹੈ। ਕੈਪਟਨ ਕਾਬਲ ਸਿੰਘ ਜੀ ਸਾਬਕਾ ਸੀਨੀਅਰ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬੀ.ਸੀ. ਵਿੰਗ), ਸਾਬਕਾ ਸੀਨੀਅਰ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜ਼ਿਲ੍ਹਾ ਜਲੰਧਰ (ਸ਼ਹਿਰੀ), ਸਾਬਕਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਗੋਲਡਨ ਐਵਨਿਊ ਮਕਸੂਦਾਂ ਜਲੰਧਰ, ਸਾਬਕਾ ਸੀਨੀਅਰ ਵਾਈਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਸਾਬਕਾ ਸੀਨੀਅਰ ਵਾਈਸ ਪ੍ਰਧਾਨ ਸੰਤ ਪ੍ਰੇਮ ਸਿੰਘ ਲੁਬਾਣਾ ਵੈਲਫੇਅਰ ਸੁਸਾਇਟੀ ਜਲੰਧਰ, ਫਾਊਂਡਰ ਚੇਅਰਮੈਨ ਸੰਤ ਬਾਬਾ ਪ੍ਰੇਮ ਸਿੰਘ ਲੁਬਾਣਾ ਵੈਲਫੇਅਰ ਸੁਸਾਇਟੀ ਮਕਸੂਦਾਂ, ਸਾਬਕਾ ਪ੍ਰਧਾਨ ਵਿਵੇਕਾਨੰਦ ਪਾਰਕ ਸੁਸਾਇਟੀ ਸਨ। ਉਹਨਾਂ ਦੀ ਆਤਮਾ ਦੀ ਸ਼ਾਤੀ ਲਈ ਮਿਤੀ 27-06-2020 ਨੂੰ ਗੁਰਦੁਆਰਾ ਸਿੰਘ ਸਭਾ, ਮਕਸੂਦਾਂ ਵਿਖੇ ਅਰਦਾਸ ਕੀਤੀ ਗਈ। ਉਹ ਪਿੱਛੇ ਆਪਣੇ ਧਰਮ ਪਤਨੀ ਬੀਬੀ ਮਹਿੰਦਰ ਕੌਰ, ਸਪੁੱਤਰ ਦਸਵੀਰ ਸਿੰਘ ਅਣਖੀ ਜੋ

ਕਿ ਕੈਨੇਡਾ ਸੈਟ ਹਨ ਅਤੇ ਬੇਟੀ ਕਮਲਜੀਤ ਕੌਰ ਜੋ ਐਜੂਕੇਸ਼ਨ ਮਹਿਕਮੇ ਵਿਚ ਮੋਹਾਲੀ ਸੇਵਾ ਕਰ ਰਹੇ ਹਨ। ਉਹਨਾਂ ਦੀ ਅਰਦਾਸ ਵਿਚ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਬੀਬੀ ਜਗੀਰ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਬਾਦਲ ਵਿਸ਼ੇਸ਼ ਤੌਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਸੰਗਤਾਂ ਨੂੰ ਸੰਬੋਧਨ ਕੀਤਾ। ਇਨ੍ਹਾਂ ਤੋਂ ਇਲਾਵਾ ਕੇ.ਡੀ. ਭੰਡਾਰੀ ਸਾਬਕਾ ਵਿਧਾਇਕ, ਸ. ਕੁਲਵੰਤ ਸਿੰਘ ਮੰਨਣ ਮੈਂਬਰ ਐਸ.ਜੀ.ਪੀ.ਸੀ., ਸ. ਬਲਜੀਤ ਸਿੰਘ ਨੀਲਾ ਮਹਿਲ, ਕੌਂਸਲਰ ਗੁਰਦੀਪ ਸਿੰਘ ਨਾਗਰਾ, ਇਲਾਕੇ ਦੇ ਸਰਪੰਚ, ਪੰਚ ਅਤੇ ਜਥੇਦਾਰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ, ਜਨਰਲ ਸਕੱਤਰ ਸ. ਅਮਰਜੀਤ ਸਿੰਘ, ਕਰਨਲ ਹਰਦਿਆਲ ਸਿੰਘ ਖਜ਼ਾਨਚੀ, ਸ. ਰਵਿੰਦਰ ਸਿੰਘ ਸੈਕਟਰੀ, ਡੀ.ਐਸ.ਪੀ. ਮਹਿੰਦਰ ਸਿੰਘ, ਡੀ.ਐਸ.ਪੀ. ਅਵਤਾਰ ਸਿੰਘ, ਇੰਜੀਨੀਅਰ ਸ. ਪਰਮਿੰਦਰਜੀਤ ਸਿੰਘ, ਸ. ਜੋਗਿੰਦਰ ਸਿੰਘ ਅਜੈਬ, ਕੈਪਟਨ ਪ੍ਰਕਾਸ਼ ਸਿੰਘ, ਸੂਬੇਦਾਰ ਸੰਤੋਖ ਸਿੰਘ, ਕੈਪਟਨ ਮੰਗਲ ਸਿੰਘ, ਸ. ਚਰਨ ਸਿੰਘ, ਸ. ਕਸ਼ਮੀਰ ਸਿੰਘ ਮਕਸੂਦਾਂ, ਸ. ਪ੍ਰੀਤਮ ਸਿੰਘ, ਸ. ਬਲਕਾਰ ਸਿੰਘ, ਸ. ਸੁਰਿੰਦਰ ਸਿੰਘ ਟਾਹਲੀ ਅਤੇ ਬਿਰਾਦਰੀ ਦੇ ਬਹੁਤ ਸਾਰੇ ਪਤਵੰਤੇ ਸੱਜਣ ਹਾਜ਼ਰ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸ. ਕਾਬਲ ਸਿੰਘ ਜੀ ਦੇ ਪਰਿਵਾਰ ਦਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਪ੍ਰਗਤੀ ਵਿਚ ਬਹੁਤ ਵੱਡਾ ਯੋਗਦਾਨ ਹੈ, ਜੋ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਸੂਬੇਦਾਰ ਚਰਨ ਸਿੰਘ ਨੇ ਆਏ ਹੋਏ ਪਤਵੰਤੇ ਸੱਜਣਾਂ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30-ਏ, ਚੰਡੀਗੜ੍ਹ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਾ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਵਿਛੜੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਵੱਲੋਂ: ਜੋਗਿੰਦਰ ਸਿੰਘ ਅਜੈਬ**

# ਸ਼ੋਕ ਸਮਾਚਾਰ



Capt. Gurnam Singh
08 Aug. 1933 To 23 Sept. 2020

ਸਮੂਹ ਸੰਗਤ ਨੂੰ ਬੜੇ ਹੀ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ, ਕਿ ਕੈਪਟਨ .ਗੁਰਨਾਮ ਸਿੰਘ ਦਾ ਜਨਮ 8 ਅਗਸਤ, 1933 ਨੂੰ ਪਿੰਡ-ਕਿਲ੍ਹਾ ਸੂਰਾ ਸਿੰਘ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਹੋਇਆ ਆਪ ਜੀ ਸੰਨ-1947 ਵਿੱਚ ਭਾਰਤ ਆ ਗਏ ਅਤੇ ਪੱਕੇ ਤੌਰ ਤੇ ਨਰਾਇਣਗੜ੍ਹ, ਜ਼ਿਲ੍ਹਾ ਅੰਬਾਲਾ (ਹਰਿਆਣਾ) ਵਿਚ ਰਹਿਣ ਲੱਗ ਪਏ। ਇਹਨਾਂ ਨੇ 32 ਸਾਲ ਭਾਰਤੀ ਆਰਮੀ ਵਿੱਚ ਸੇਵਾ ਨਿਭਾਈ ਹੈ। ਇਹਨਾਂ ਨੇ ਵੈਲਫੇਅਰ ਸੁਸਾਇਟੀ ਲੁਬਾਣਾ ਕਮਿਊਨਟੀ ਵਿਚ ਸੇਵਾ ਨਿਭਾਉਣ ਲਈ ਕਾਫੀ ਯੋਗਦਾਨ ਪਾਇਆ ਹੈ। ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨਾਲ ਵੀ ਕਾਫੀ ਲੰਬੇ ਸਮੇਂ ਤੋਂ ਜੁੜੇ ਹੋਏ ਸਨ। ਰਿਟਾਇਰਮੈਂਟ ਤੋਂ ਬਾਅਦ ਆਪ ਦੀ ਜ਼ਿੰਦਗੀ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ ਰਹੀ। ਆਪ 23 ਸਤੰਬਰ, 2020 ਨੂੰ, 87 ਸਾਲ ਦੀ ਉਮਰ ਭੋਗ ਕੇ, ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਹਨਾਂ ਦੀ ਅੰਤਿਮ ਅਰਦਾਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਹਾਜ਼ਰ ਹੋ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਉਹਨਾਂ ਦੀ ਅੰਤਿਮ ਅਰਦਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਲੋਂ ਇੰਜ. ਗੁਰਚਰਨ ਸਿੰਘ ਸਾਬਕਾ ਪ੍ਰਧਾਨ, ਇੰਜ. ਕੁਲਬੀਰ ਸਿੰਘ ਸੁਜਲਾਣਾ ਮੌਜੂਦਾ ਜਨਰਲ ਸਕੱਤਰ, ਇੰਜ. ਹਰਬੰਸ ਸਿੰਘ ਸਾਬਕਾ ਜਨਰਲ ਸਕੱਤਰ ਨੇ ਹਾਜ਼ਰੀ ਭਰਕੇ ਵਿਛੜੀ ਪਵਿੱਤਰ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਸੈਕਟਰ-30ਏ,ਚੰਡੀਗੜ੍ਹ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਪ੍ਰਮਾਤਮਾ ਵਿਛੜੀ ਪਵਿੱਤਰ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

**ਵੱਲੋਂ**

**ਇੰਜ. ਕੁਲਬੀਰ ਸਿੰਘ ਸੁਜਲਾਣਾ**

**ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ।**

# ਇਕ ਮੁਸਲਿਮ ਹਾਈ ਸਕੂਲ

ਵਰਿਆਮ ਸਿੰਘ ਪੀ.ਈ.ਐਸ. (1)
ਪ੍ਰਿੰਸੀਪਲ (ਰਿਟਾ.)

ਸਮੇਂ ਦੇ ਨਾਲ-ਨਾਲ ਸਾਡੀ ਸਿੱਖਿਆ ਪ੍ਰਣਾਲੀ ਨੇ ਵੀ ਬੜੇ ਰੱਦੋ-ਬਦਲ ਵੇਖੇ ਹਨ। ਈਸਟ ਇੰਡੀਆ ਕੰਪਨੀ ਦੇ ਰਾਜ ਤੋਂ ਪਹਿਲਾਂ ਮੁੱਢਲੀ ਸਿੱਖਿਆ ਲਈ ਪਾਠਸ਼ਾਲਾਂ ਅਤੇ ਮਕਤਬ ਹੁੰਦੇ ਸਨ। ਧਾਰਮਿਕ ਪੁਸਤਕਾਂ ਵਿੱਚੋਂ ਪਾਠ ਕਰਮ ਵਜੋਂ ਸ਼ਲੋਕ, ਚਿੱਠੀ ਪੱਤਰ ਲਿਖਣਾ ਅਤੇ ਹਿਸਾਬ ਦੇ ਪਹਾੜੇ ਸਿਖਾਏ ਜਾਂਦੇ ਸਨ। ਉਚੇਰੀ ਸਿੱਖਆ ਲਈ ਮਦੱਰਸੇ ਹੁੰਦੇ ਸਨ। ਸਾਇੰਸ ਅਤੇ ਆਰਟਸ ਦੇ ਹੋਰ ਵਿਸ਼ਿਆਂ ਤੋਂ ਇਲਾਵਾ ਸੰਸਕ੍ਰਿਤ, ਅਰਬੀ ਅਤੇ ਫਾਰਸੀ ਵੀ ਪੜ੍ਹਾਈ ਜਾਂਦੀ ਸੀ। ਫਾਰਸੀ ਵਿੱਚ ਸ਼ੇਖ ਸਾਅਦੀ ਦੀਆਂ 'ਗੁਲਿੱਸਤਾਂ ਅਤੇ ਬੋਸਤਾਂ' ਦੀ ਪੜ੍ਹਾਈ ਮਾਨ ਵਾਲੀ ਗੱਲ ਸਮਝੀ ਜਾਂਦੀ ਸੀ। ਉਚੇਰੀ ਸਿੱਖਿਆ ਕੇਵਲ ਬ੍ਰਾਹਮਣ ਵਰਗ ਜਾਂ ਉੱਚੇ ਤਬਕੇ ਦੇ ਮੁਸਲਮਾਨ ਹੀ ਹਾਸਲ ਕਰ ਸਕਦੇ ਸਨ। ਕੰਪਨੀ ਨੇ ਪਹਿਲਾਂ ਪਹਿਲਾਂ ਸਿੱਖਿਆ ਵਲ ਕੋਈ ਧਿਆਨ ਨਹੀਂ ਦਿੱਤਾ। ਉਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਗਈ। ਇਹ ਸ਼ਾਇਦ ਲਾਰਡ ਮੈਕਾਲੇ ਦੀ ਦੇਣ ਸੀ। ਇਹ ਵੀ ਕਿਹਾ ਜਾਂਦਾ ਸੀ ਕਿ ਅੰਗਰੇਜ਼ਾਂ ਨੇ ਆਪਣਾ ਪ੍ਰਬੰਧ ਚਲਾਉਣ ਖਾਤਰ ਵੱਡੀ ਗਿਣਤੀ ਵਿੱਚ ਕਲਰਕ ਨਿਯੁਕਤ ਕਰਨ ਲਈ ਇਹ ਪ੍ਰਣਾਲੀ ਲਾਗੂ ਕੀਤੀ ਸੀ। ਅੰਗਰੇਜ਼ੀ ਦੀ ਪੜ੍ਹਾਈ ਕਰਾਉਣ ਲਈ ਸਕੂਲ ਖੋਲ੍ਹਣ ਤੋਂ ਪਹਿਲਾਂ ਵਿਸ਼ੇਸ਼ ਮਨਜ਼ੂਰੀ ਲੈਣੀ ਪੈਂਦੀ ਸੀ। ਅੰਗਰੇਜ਼ਾਂ ਨੇ ਆਪਣੇ ਰਾਜ ਦੌਰਾਨ ਸਿਹਤ ਸਹੂਲਤਾਂ ਜਾਂ ਸਨਅਤੀ ਵਿਕਾਸ ਨੂੰ ਕੋਈ ਖਾਸ ਮਹੱਤਤਾ ਨਹੀਂ ਸੀ ਦਿੱਤੀ। ਨਾ ਹੀ ਉਨ੍ਹਾਂ ਨੂੰ ਜ਼ਿਆਦਾ ਇੰਜੀਨੀਅਰਾਂ ਦੀ ਲੋੜ ਪਈ ਅਤੇ ਨਾ ਹੀ ਉਨ੍ਹਾਂ ਨੇ ਜ਼ਿਆਦਾ ਪ੍ਰੋਫੈਸ਼ਨਲ ਕਾਲਜ ਖੋਲ੍ਹੇ।

ਉੱਪਰ ਦੱਸੇ ਹਾਲਾਤ ਦੌਰਾਨ 1940 ਵਿੱਚ ਅੱਠਵੀਂ ਜਮਾਤ ਦਾ ਵਰਨੈਕੂਲਰ ਫਾਈਨਲ ਦਾ ਇਮਤਿਹਾਨ ਅੰਗਰੇਜ਼ੀ ਤੋਂ ਬਿਨਾਂ ਚੰਗੇ ਨੰਬਰ ਲੈ ਕੇ ਪਾਸ ਕੀਤਾ ਅਤੇ ਵਜ਼ੀਫਾ ਹਾਸਿਲ ਕੀਤਾ। ਉਸ ਸਮੇਂ ਸਾਡੇ ਪਿੰਡ ਤੋਂ ਉੱਤਰ ਵੱਲ 15 ਮੀਲ ਤੇ ਹਿੰਦੂ ਹਾਈ ਸਕੂਲ ਸੀ ਅਤੇ ਦੂਸਰਾ 11 ਮੀਲ ਦੇ ਫਾਸਲੇ 'ਤੇ ਦੱਖਣ ਵੱਲ ਇਕ ਮੁਸਲਿਮ ਹਾਈ ਸਕੂਲ ਸੀ। ਇਸ ਤਰ੍ਹਾਂ ਇਹ ਦੋਵੇਂ ਸਕੂਲ ਇਕ ਦੂਜੇ ਤੋਂ 26 ਮੀਲ ਦੇ ਫਾਸਲੇ ਤੇ ਸਥਿਤ ਸਨ। ਮੈਂ ਅੱਠਵੀਂ ਦਾ ਇਮਤਿਹਾਨ ਪਾਸ ਕਰਨ ਤੋਂ ਬਾਅਦ ਘਰ ਬੈਠ ਗਿਆ। ਪਰ ਮੈਂ ਹੈਰਾਨ ਰਹਿ ਗਿਆ ਜਦੋਂ ਇਕ ਦਿਨ ਇਸ ਮੁਸਲਿਮ ਹਾਈ ਸਕੂਲ ਦੇ ਚਾਰ ਸਟਾਫ ਮੈਂਬਰ ਅਤਿ ਦੀ ਗਰਮੀ ਵਿੱਚ ਟਾਂਗੇ ਤੇ ਸਵਾਰ ਹੋ ਕੇ ਸਾਡੇ ਘਰ ਪਹੁੰਚ ਗਏ ਅਤੇ ਮੇਰੇ ਵਾਲਦੈਨ ਨੂੰ ਮੈਨੂੰ ਅੱਗੇ ਪੜ੍ਹਾਉਣ ਲਈ ਪ੍ਰੇਰਿਤ ਕੀਤਾ ਅਤੇ ਸਕੂਲ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਵਿਸ਼ਵਾਸ ਦਿੱਤਾ। ਕੁਝ ਦਿਨਾਂ ਬਾਅਦ ਦੂਜੇ ਹਿੰਦੂ ਹਾਈ ਸਕੂਲ ਵਾਲੇ ਵੀ ਆ ਗਏ ਪਰ 4 ਮੀਲ ਘੱਟ ਪੈਂਦੇ ਫਾਸਲੇ ਕਰਕੇ ਅੱਗੇ ਪੜ੍ਹਨ ਲਈ ਮੈਂ ਮੁਸਲਿਮ ਹਾਈ ਸਕੂਲ ਵਿੱਚ ਦਾਖਲ ਹੋ ਗਿਆ। ਜ਼ਿਲ੍ਹਾ ਸਿਆਲਕੋਟ ਦੇ ਇਕ ਵੱਡੇ ਕਸਬੇ ਬੱਦੋਮੱਲ੍ਹੀ ਦਾ ਇਹ ਮੁਸਲਿਮ ਹਾਈ ਸਕੂਲ ਬਾਜ਼ਾਰ ਲੰਘ ਕੇ ਰੇਲਵੇ ਲਾਈਨ ਤੋਂ ਪਾਰ ਸਥਿਤੀ ਸੀ। ਏਸੇ ਨਾਂ ਦਾ ਰੇਲਵੇ ਸਟੇਸ਼ਨ ਵੀ ਸਕੂਲ ਤੋਂ ਨੇੜੇ ਹੀ ਸੀ। ਜਿਥੇ ਕਦੀ ਕਦੀ ਅਸੀਂ ਰੀਸੈਸ ਪੀਰਅਡ ਵਿੱਚ ਜਾ ਕੇ ਖੜ੍ਹੀ ਟਰੇਨ ਨੂੰ ਵੇਖ ਕੇ ਆਪਣਾ ਮਨੋਰੰਜਨ ਕਰਿਆ ਕਰਦੇ ਸਾਂ। ਕੋਲੋਂ ਦੀ ਲੰਘਦੀ ਇਕ ਕੱਚੀ ਸੜ ਰਾਹੀਂ ਸਾਡਾ ਪਿੰਡ ਖੋਖਰ ਵਾਲੀ ਇਸ ਰੇਲਵੇ ਸਟੇਸ਼ਨ ਨਾਲ ਜੁੜਿਆ ਹੋਇਆ ਸੀ। ਰਾਹ ਵਿੱਚ ਦੋ ਛੋਟੇ-ਛੋਟੇ ਪਿੰਡ ਹੋਰ ਆਉਂਦੇ ਸਨ। ਇਹ ਸੜਕ ਜ਼ਿਆਦਾਤਰ ਪੈਦਲ ਚੱਲਣ ਵਾਲੇ ਯਾਤਰੀਆਂ ਲਈ ਹੀ ਬਣੀ ਲਗਦੀ ਸੀ। ਘੋੜੇ, ਟੱਟੂ ਜਾਂ ਫਿਰ ਗਿਣਤੀ ਦੇ ਦੋ ਚਾਰ ਟੁੱਟੇ-ਫੁੱਟੇ ਟਾਂਗੇ ਮੁਰਦਾ ਜਹੇ ਘੋੜਿਆਂ ਨਾਲ ਕਦੀ-ਕਦੀ ਨਜ਼ਰ ਆਉਂਦੇ ਸਨ। ਉਨ੍ਹਾਂ ਦਿਨਾਂ ਵਿੱਚ ਸਾਈਕਲ ਤਾਂ ਕੋਈ ਵਿਰਲਾ ਘਰ ਹੀ ਰੱਖ ਸਕਦਾ ਸੀ। ਸਾਡੇ ਪਿੰਡ ਵਿੱਚ ਸਭ ਤੋਂ ਪਹਿਲਾਂ ਰਾਵਲਪਿੰਡੀ ਵਿੱਚ ਲਕੜੀ ਦਾ ਕੰਮ ਕਰਨ ਵਾਲਾ ਇਕ ਸਿਮਤਰੀ ਚਾਚਾ ਨਵੀਂ ਸਾਈਕਲ ਲੈ ਕੇ ਆਇਆ ਸੀ। ਰਾਵਲਪਿੰਡੀ ਤੋਂ ਕਈ ਸੌ ਮੀਲ ਲੰਮਾ ਫਾਸਲਾ ਸਾਈਕਲ ਤੇ ਤਹਿ ਕਰਦਾ ਉਹ ਪਿੰਡ ਪਹੁੰਚਿਆ ਸੀ। ਮਿਸਤਰੀ ਚਾਚਾ ਜੀ ਨੇ ਇਕ ਦਿਨ ਮੈਨੂੰ ਵੀ ਆਪਣੀ ਸਾਈਕਲ ਦੇ ਪਿਛਲੇ ਕੈਰੀਅਰ ਤੇ ਬਿਠਾ ਕੇ ਝੂਟਾ ਦਿੱਤਾ ਸੀ ਅਤੇ ਮੈਂ ਉਸ ਦਿਨ ਮਾਰੇ ਖੁਸ਼ੀ ਦੇ ਫੂਲਾ ਨਹੀਂ ਸਾਂ ਸਮਾ ਰਿਹਾ। ਹਰ ਰੋਜ਼ ਪੈਦਲ 11 ਮੀਲ ਚੱਲ ਕੇ ਸਕੂਲ ਵੇਲੇ ਸਿਰ ਪਹੁੰਚਣ ਲਈ ਸੂਰਜ ਨਿਕਲਣ ਦੇ ਨਾਲ ਹੀ ਤੁਰਨਾ ਪੈਂਦਾ ਸੀ। ਸਿਆਲ ਦੇ ਦਿਨਾਂ ਵਿੱਚ ਖੱਦਰ ਦੀ ਯੂਨੀਫਾਰਮ ਉੱਤੇ ਖੱਦਰ ਦੇ ਰੌਟੇਂ ਦੀ ਬੁਕਲ ਮਾਰ ਕੇ ਦੋ ਤਣੀਆਂ ਵਾਲਾ ਖੱਦਰ ਦਾ ਬਸਤਾ ਮੋਢੇ ਤੇ ਲਟਕਾ ਕੇ ਚਲ ਪਈ ਦਾ ਸੀ। ਮਾਤਾ ਜੀ ਦੋ ਨਮਕੀਨ ਪਰੌਂਠੇ ਵੀ ਪੋਣੇ ਵਿੱਚ ਲਪੇਟ ਕੇ ਬਸਤੇ ਵਿੱਚ ਪਾ ਦਿੰਦੇ, ਜੋ ਸਕੂਲ ਵਿੱਚ ਅੱਧੀ ਛੁੱਟੀ ਵੇਲੇ ਮਜ਼ੇ ਨਾਲ ਖਾ ਕੇ ਹਲਟੀ ਤੋਂ ਰਜ ਕੇ ਠੰਡਾ ਪਾਣੀ ਪੀ ਲਈ ਦਾ ਸੀ। ਰਾਹ ਵਿੱਚ ਸਕੂਲ ਦੇ ਕੰਮ ਵਾਲੀਆਂ ਕਾਪੀਆਂ ਵਾਰੋ-ਵਾਰੀ ਬਸਤੇ ਵਿੱਚੋਂ ਕੱਢ ਕੇ ਸਾਰੇ ਸਬਕ ਚੰਗੀ ਤਰ੍ਹਾਂ ਯਾਦ ਕਰ ਲਈ ਦੇ ਸਨ ਅਤੇ ਇਸ ਨਾਲ ਰਸਤਾ ਵੀ ਛੇਤੀ ਨਿੱਬੜ ਜਾਂਦਾ ਸੀ। ਸਕੂਲ ਵਿੱਚ ਪਹਿਲਾ ਪੀਰਅਡ ਪੀ.ਟੀ. ਦਾ ਹੁੰਦਾ। ਇਕ ਹੱਟਾ ਕੱਟਾ ਕਸ਼ਮੀਰੀ ਮਾਸਟਰ ਅਬਦੁਲ ਹਫੀਜ਼ ਬੱਟ ਜੋ ਤੁਰਲੇ ਵਾਲੀ ਪੱਗ ਬੰਨ੍ਹਦੇ ਸਨ ਅਤੇ ਸਕੂਲ ਵਿੱਚ ਵੱਡੀਆਂ ਕਲਾਸਾਂ ਨੂੰ ਗਣਿਤ ਪੜ੍ਹਾਉਂਦੇ ਸਨ, ਸਕੂਲ

**ਬੜੇ ਬੜੇ ਵੱਡੇ ਦੁਨਿਆਵੀ ਤਖ਼ਤ ਅਜਾਇਬ ਘਰਾਂ ਦਾ ਸ਼ਿੰਗਾਰ ਬਣੇ ਪਏ ਨੇ। ਬੈਠਣ ਵਾਲੇ ਖ਼ਾਕ ਦਾ ਹਿੱਸਾ ਬਣ ਗਏ।**

ਬੈਂਡ ਨਾਲ ਪੀ.ਟੀ. ਕਰਾਉਂਦੇ ਸਨ ਅਤੇ ਗਰਜ ਕੇ ਕਿਹਾ ਕਰਦੇ ਸਨ ਕਿ ਪੀ.ਟੀ. ਅੱਛੀ ਤਰ੍ਹਾਂ ਕਰੋਗੇ ਤੇ ਸਾਥ ਵਾਲੀ ਰੇਲਵੇ ਲਾਈਨ ਕੇ ਪੱਥਰ ਭੀ ਖਾਉਗੇ ਤੋ ਹਜ਼ਮ ਹੋ ਜਾਏਂਗੇ। ਪੀ.ਟੀ. ਵਿੱਚ ਕੋਤਾਹੀ ਕਰਨ ਵਾਲੇ ਵਿਦਿਆਰਥੀ ਦੀ ਸ਼ਾਮਤ ਆ ਜਾਂਦੀ ਸੀ ਅਤੇ ਉਸ ਨੂੰ ਬੱਟ ਸਾਹਿਬ ਦਾ ਘਸੁੰਨ ਵੀ ਖਾਣਾ ਪੈਂਦਾ। ਗਰਮੀਆਂ ਵਿੱਚ ਸਕੂਲ ਤੋਂ ਬੱਾਦ ਮੈਨੂੰ ਹਿੰਦੂ ਹੋਸਟਲ ਵਿੱਚ ਦੁਪਹਿਰ ਕੱਟਣ ਦੀ ਆਗਿਆ ਵੀ ਮਿਲ ਗਈ ਸੀ। ਜਿਥੇ ਮੈਂ ਸਕੂਲ ਦਾ ਕੰਮ ਕਰ ਲੈਂਦਾ ਸਾਂ ਅਤੇ ਸੂਰਜ ਢੱਲਦੇ ਮੁੜ ਘਰ ਜਾਣ ਲਈ ਟੁਰ ਪਈ ਦਾ ਸੀ। ਅੱਠਵੀਂ ਜਮਾਤ ਅੰਗਰੇਜ਼ੀ ਤੋਂ ਬਿਨਾਂ ਪਾਸ ਕਰਨ ਕਰਕੇ ਇਸ ਸਕੂਲ ਵਿੱਚ ਪਹਿਲੇ ਦੋ ਸਾਲ ਜੂਨੀਅਰ ਅਤੇ ਸੀਨੀਅਰ ਸਪੈਸ਼ਲ ਕਲਾਸਾਂ ਵਿੱਚ ਕੇਵਲ ਅੰਗਰੇਜ਼ੀ ਦੀ ਪੜ੍ਹਾਈ ਹੀ ਕਰਾਈ ਗਈ। ਚਾਰ ਲਾਈਨਾਂ ਵਾਲੀ ਕਾਪੀ ਤੇ 'G' ਦੀ ਨਿਬ ਵਾਲੇ ਹੋਲਡਰ ਨਾਲ ਸ਼ੀਸ਼ੇ ਦੀ ਦਵਾਤ ਵਿੱਚ ਨੀਲੀ ਟਿੱਕੀ ਪਾ ਕੇ ਤਿਆਰ ਕੀਤੀ ਸਿਆਹੀ ਦੇ ਟੋਬੇ ਲੈ ਕੇ ਖੁਸ਼ਖਤ ਵੱਡੀ ਅਤੇ ਛੋਟੀ ਏ.ਬੀ.ਸੀ. ਅਤੇ ਹੋਰ ਸਾਰੀ ਡਿਕਟੇਸ਼ਨ ਦੀ ਲਿਖਾਈ ਕੀਤੀ ਜਾਂਦੀ ਸੀ। ਹਾਈ ਕਲਾਸਾਂ ਵਿੱਚ ਉਰਦੂ ਦੀ ਲਿਖਾਈ ਵੀ ਏਸੇ ਨੀਲੀ ਸਿਆਹੀ ਅਤੇ ਕਾਨੇ ਦੀ ਕਲਮ ਨਾਲ ਕੀਤੀ ਜਾਂਦੀ। ਰਬੜ ਦੀ ਟਿਊਬ ਵਾਲੇ ਪੈੱਨ ਦਾ ਤਾਂ ਉਦੋਂ ਕੋਈ ਥਹੁ ਪਤਾ ਹੀ ਨਹੀਂ ਸੀ ਹੁੰਦਾ। ਇਨ੍ਹਾਂ ਦੋਵਾਂ ਸਪੈਸ਼ਲ ਕਲਾਸਾਂ ਦਾ ਇਮਤਿਹਾਨ ਤਾਂ ਸਕੂਲ ਵਿੱਚ ਹੀ ਹੁੰਦਾ ਸੀ। ਇਸ ਉਪਰੰਤ ਨੌਵੀਂ ਕਲਾਸ ਵਿੱਚ ਛੇ ਸਬਜੈਕਟ ਪੜ੍ਹਾਏ ਜਾਂਦੇ। ਇਹ ਦੋ ਸਾਲ ਵਾਧੂ ਲਾਉਣ ਕਰਕੇ ਮੈਟ੍ਰਿਕ ਜਾਂ ਦਸਵੀਂ ਦਾ ਇਮਤਿਹਾਨ 10 ਸਾਲਾਂ ਦੀ ਬਜਾਏ 12 ਸਾਲਾਂ ਵਿੱਚ ਪਾਸ ਹੁੰਦਾ।

ਹੁਣ ਮੈਂ ਮੁਸਲਿਮ ਹਾਈ ਸਕੂਲ ਦੀ ਸੀਨੀਅਰ ਸਪੈਸ਼ਲ ਕਲਾਸ ਵਿੱਚ ਪੜ੍ਹਦੇ ਸਮੇਂ ਦੇ ਇਕ ਦਿਨ ਦੀ ਗਲ ਦੱਸਦਾ ਹਾਂ। ਉਸ ਦਿਨ ਸ਼ਾਮ ਵੇਲੇ ਜਦੋਂ ਮੈਂ ਪਿੰਡ ਲਾਗੇ ਪਹੁੰਚਿਆ ਤਾਂ ਉੱਥੇ ਮੇਰਾ ਛੋਟਾ ਭਰਾ ਮੇਰੇ ਲਈ ਇਕ ਨਵਾਂ ਬੂਟਾਂ ਦਾ ਜੋੜਾ ਲੈ ਕੇ ਖੜ੍ਹਾ ਸੀ ਤਾਂ ਜੋ ਮੈਂ ਆਪਣੀ ਪੁਰਾਣੀ ਜੁੱਤੀ ਲਾਹ ਦੇ ਨਵੇਂ ਬੂਟ ਪਾ ਕੇ ਘਰ ਵੜਾਂ। ਘਰ ਜਾ ਕੇ ਪਤਾ ਲੱਗਾ ਕਿ ਵੱਡੀ ਚਾਚੀ ਜੀ ਕੇ ਪੇਕਿਆਂ ਤੋਂ ਦੋ ਪਰਾਹੁਣੇ ਆਏ ਹੋਏ ਸਨ। ਉਨ੍ਹਾਂ ਵਿੱਚੋਂ ਇਕ ਨੇ ਮੇਰੀ ਪੜ੍ਹਾਈ ਬਾਰੇ ਮੇਰੇ ਨਾਲ ਬੜੇ ਵਿਸਥਾਰ ਨਾਲ ਗੱਲਬਾਤ ਕੀਤੀ। ਥੋੜ੍ਹੇ ਦਿਨਾਂ ਬਾਅਦ ਮੇਰੀ ਕੁੜਮਾਈ ਦਾ ਸ਼ਗਨ ਲੈ ਕੇ ਆ ਗਏ। ਅਗਲੇ ਦਿਨ ਸ਼ਾਮ ਨੂੰ ਸਮਾਗਮ ਹੋਇਆ। ਪਿੰਡ ਦੇ ਪਤਵੰਤੇ ਸੱਦੇ ਗਏ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਅਰਦਾਸ ਕੀਤੀ। ਸ਼ਗਨ ਮੇਰੀ ਝੋਲੀ ਪਾਇਆ ਗਿਆ ਅਤੇ ਇਕ ਛੁਹਾਰਾ ਮੇਰੇ ਮੂੰਹ ਨੂੰ ਲਾਇਆ ਗਿਆ। ਗੁੜ ਵੰਡਿਆ ਗਿਆ ਅਤੇ ਦੇਰ ਰਾਤ ਤੱਕ ਲੰਗਰ ਪਾਣੀ ਚਲਦਾ ਰਿਹਾ। ਇਕ ਵਿਦਿਆਰਥੀ ਦੀ ਛੋਟੀ ਉਮਰੇ ਕੁੜਮਾਈ ਹੋ ਗਈ ਜਿਸ ਦੇ ਘਰ ਵਾਲੇ ਵਧਾਈਆਂ ਲੈਂਦੇ ਫੁਲੇ ਨਹੀਂ ਸਨ ਸਮਾਉਂਦੇ।

ਸਕੂਲ ਦੀ ਕੋਈ ਚਾਰਦੀਵਾਰੀ ਨਹੀਂ ਸੀ। ਗਰਮੀਆਂ ਵਿੱਚ ਲਾਗਲੇ ਕਲਰਾਠੇ ਖੇਤਾਂ ਵਿੱਚ ਚਲਦੇ ਵਾਵਰੋਲੇ ਜ਼ਰੂਰ ਨਜ਼ਰ ਆਉਂਦੇ ਸਨ। ਸਕੂਲ ਵਿੱਚ ਕਦੀ ਕੋਈ ਕਲਚਰਲ ਸਮਾਗਮ ਨਹੀਂ ਸੀ ਹੁੰਦਾ। ਹਰ ਸ਼ੁੱਕਰਵਾਰ ਨੂੰ ਮੁਸਲਮਾਨ ਵਿਦਿਆਰਥੀ ਜੁਮੇ ਦੀ ਨਮਾਜ਼ ਵਿੱਚ ਸ਼ਾਮਿਲ ਹੁੰਦੇ ਪਰ ਬਾਕੀ ਦੇ ਵਿਦਿਆਰਥੀਆਂ ਨੂੰ ਛੋਟ ਹੁੰਦੀ। ਇਕ ਦਿਨ ਸ਼ਾਮ ਵੇਲੇ ਪਬਲਿਕ ਰਿਲੇਸ਼ਨ ਮਹਿਕਮੇ ਵਾਲਿਆਂ ਵੱਲੋਂ ਹੋਸਟਲ ਲਾਗਲੇ ਮੈਦਾਨ ਵਿੱਚ ਸਕਰੀਨ ਲਾ ਕੇ ਪ੍ਰੋਜੈਕਟਰ ਨਾਲ ਇਕ ਡਾਕੋਮੈਂਟਰੀ ਫਿਲਮ ਵਖਾਈ ਗਈ ਜਿਸ ਨੂੰ ਵੇਖ ਕੇ ਸਾਡੇ ਵਰਗੇ ਵਿਦਿਆਰਥੀ ਹੈਰਾਨ ਰਹਿ ਗਏ। ਉਸ ਦਿਨ ਕਾਫੀ ਰਾਤ ਗਈ ਪਿੰਡ ਪਹੁੰਚੇ ਅਤੇ ਘਰੋਂ ਝਿੜਕਾਂ ਪਈਆਂ। ਉਨ੍ਹਾਂ ਦਿਨਾਂ ਵਿੱਚ ਸਕੂਲ ਵਿੱਚ ਕੋਈ ਐਮ.ਬੀ.ਡੀ. ਦੀ ਗਾਈਡ, ਹੈਲਪ-ਬੁੱਕ ਜਾਂ ਗੈੱਸ ਪੇਪਰ ਨਹੀਂ ਸਨ ਹੁੰਦੇ ਕੇਵਲ ਟੈਕਸਟ ਬੁੱਕ ਹੀ ਪੜ੍ਹਾਈ ਜਾਂਦੀ ਸੀ। ਮਾਰਚ 1944 ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਵੱਲੋਂ ਲਏ ਗਏ ਮੈਟਰਿਕ ਦੇ ਇਮਤਿਹਾਨ ਦਾ ਸੈਂਟਰ ਵੀ ਤਹਿਸੀਲ ਨਾਰੋਵਾਲ ਵਿਖੇ ਹੀ ਇਕ ਸਕੂਲ ਵਿੱਚ ਬਣਿਆ। ਜਿੱਥੇ ਗਣਿਤ ਦੇ ਟੀਚਰ ਬੱਟ ਸਾਹਿਬ ਸਾਡੇ ਨਾਲ ਰਹੇ। ਇਸ ਇਮਤਿਹਾਨ ਦਾ ਰਿਜ਼ਲਟ ਨਿਕਲਣ ਤੇ ਇਸ ਮੁਸਲਿਮ ਹਾਈ ਸਕੂਲ ਵਾਲੇ ਬੜੇ ਖੁਸ਼ ਸਨ ਕਿਉਂ ਜੋ ਉਨ੍ਹਾਂ ਦੀ ਕਰਾਈ ਮਿਹਨਤ ਦਾ ਸਦਕਾ ਸਾਰੀ ਕਲਾਸ ਦੇ ਚੰਗੇ ਨੰਬਰ ਆਏ ਸਨ ਅਤੇ ਉਨ੍ਹਾਂ ਦੇ ਇਸ ਵਿਦਿਆਰਥੀ ਨੇ 850 ਵਿੱਚੋਂ 715 ਨੰਬਰ ਲੈ ਕੇ ਸਕੂਲ ਵਿੱਚ ਨਵਾਂ ਰਿਕਾਰਡ ਬਣਾਇਆ, ਵਜ਼ੀਫਾ ਹਾਸਲ ਕੀਤਾ ਅਤੇ ਸਿਆਲਕੋਟ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਆਇਆ। ਇਸ ਵਡਮੁੱਲੀ ਨਿਸ਼ਕਾਮ ਸੇਵਾ ਲਈ ਸਕੂਲ ਦਾ ਹਾਰਦਿਕ ਸ਼ੁਕਰ ਗੁਜ਼ਾਰ ਹਾਂ।

ਇਸ ਮੁਸਲਿਮ ਸਕੂਲ ਵਿੱਚ ਸਾਰੇ ਵਿਦਿਆਰਥੀਆਂ ਨਾਲ ਕਿਸੇ ਕਿਸਮ ਦੇ ਧਾਰਮਿਕ ਵਿਤਕਰੇ ਤੋਂ ਬਿਨਾਂ ਇਕੋ ਜਿਹਾ ਸਲੂਕ ਕੀਤਾ ਜਾਂਦਾ ਸੀ। ਹਿੰਦੂ ਅਤੇ ਸਿੱਖ ਵਿਦਿਆਰਥੀਆਂ ਲਈ ਇਕ ਵੱਖਰਾ ਹੋਸਟਲ ਸੀ। ਸੰਸਕ੍ਰਿਤ ਦੀ ਪੜ੍ਹਾਈ ਲਈ ਸਟਾਫ ਵਿੱਚ ਇਕ ਸ਼ਾਸਤਰੀ ਜੀ ਵੀ ਮੌਜੂਦ ਸਨ।

**ਯਾਦ ਰੱਖੋ ਦੁਨਿਆਵੀ ਅਹੁਦੇਦਾਰੀਆਂ ਸਥਿਰ ਅਤੇ ਸਦਾ ਲਈ ਨਹੀਂ ਹੁੰਦੀਆਂ।**

# ਕਾਵਿ-ਕਿਆਰੀ

## ਵਿਛੋੜਾ/ਹਰਬਖ਼ਸ਼ ਸਿੰਘ ਟਾਹਲੀ



ਜਿਹੜਾ ਕਦੇ ਨਾ ਰੋਵੇ ਉਹ ਵਿਛੋੜੇ ਵਿਚ ਰੋਂਦਾ ਹੈ
ਜਿਸ ਨੇ ਵਿਛੋੜਾ ਨਹੀਂ ਹੰਢਾਇਆ ਉਸ ਨੂੰ ਕੀ ਪਤਾ
'ਸੱਜਣਾਂ ਦਾ ਪਿਆਰ ਕਿੰਨਾ ਪਿਆਰਾ ਹੁੰਦਾ ਹੈ'।
ਵਿਛੜੇ ਪਿਆਰ ਅਸਰ ਕਰਦੇ ਹਨ ਦਿਲ ਉੱਤੇ,
ਅਤੇ ਹਲੂਣ ਦਿੰਦੇ ਹਨ ਚੇਤਨਾ ਨੂੰ
ਵਿਛੜੇ ਪਿਾਰ ਬਦਲ ਦਿੰਦੇ ਨੇ ਮਨੁੱਖੀ ਸੋਚ ਨੂੰ
ਅਤੇ ਸੱਚ ਦੀ ਪਹਿਚਾਣ ਉਤੇ ਸਹੀ ਪਾਉਂਦੇ ਹਨ।
ਪਿਆਰ ਵਿਚ ਮਾਰੀਆਂ ਭੁੱਬਾਂ ਧੋਂਦੀਆਂ ਹਨ ਜਨਮਾਂ ਦੀ ਮੈਲ।
ਫਿਰ ਪਿਆਰ ਦੀ ਅੱਖ ਵਿਚੋਂ ਹੁੰਦੇ ਹਨ
'ਤ੍ਰੈਕਾਲ ਦੇ ਦਰਸ਼ਨ' ਅਤੇ ਅਨੁਭਵਤਾ ਦੇ ਖੁਲ੍ਹਦੇ ਹਨ ਦੁਾਰ
ਤੇ ਫਿਰ ਉਹ ਪਿਆਰ ਰੋਮ-ਰੋਮ ਵਿਚ ਸਮਾ ਜਾਂਦਾ ਹੈ।
ਤੇ ਪਿਰ ਉਸ ਪਿਆਰ ਦੇ ਦਰਸ਼ਨ ਜ਼ੱਰੇ ਜ਼ੱਰੇ ਵਿਚੋਂ ਹੋ ਜਾਂਦੇ ਹਨ।
ਪਿਆਰ ਨਿੱਜੀ ਤੋਂ ਸਰਵਗਤਾ ਦਾ ਸਫ਼ਰ ਸ਼ੁਰੂ ਕਰਦਾ ਹੈ
ਅਤੇ ਆਸ਼ਕ ਨੂੰ ਸੱਚ ਦੀ ਦਰਗਾਹ ਵਿਚ ਜਾ ਸੁੱਟਦਾ ਹੈ।
ਜਿਹੜਾ ਪਿਆਰ ਸਰਵਗਤਾ ਦਾ ਸਫ਼ਰ ਸ਼ੁਰੂ ਨਹੀਂ ਕਰਦਾ
ਉਸ ਦੀ ਮੰਜ਼ਿਲ ਦਾ ਇਕ ਸਿਰਾ ਚਾਨਣ ਵਿਚ
ਅਤੇ ਦੂਜਾ ਸਿਰਾ ਅੰਧੇਰੇ ਵਿਚ ਹੁੰਦਾ ਹੈ।

## ਸ਼ਬਦਾਂ ਦੇ ਸੰਜੋਗ


### ਰੋਸ

ਤੂੰ ਗ਼ੈਰਾਂ ਦਾ ਰੋਸ ਹੰਢਾਇਆ ਤੇ ਆਪਣਿਆਂ ਦਾ ਵਿਤਕਰਾ।
ਤੂੰ ਤੇ ਚਲੇ ਗਿਆ ਸੀ ਫਾਂਸੀ ਚੜ੍ਹ ਕੇ ਆਪਣਿਆ ਖ਼ਾਤਰ।
ਆਪਣਾ ਆਪ ਕਰ ਗਿਆ ਸੀ ਸਮਰਪਿਤ ਆਪਣੇ ਦੇਸ਼ ਲਈ।
ਤੂੰ ਆਜ਼ਾਦੀ ਦਿੱਤੀ ਆਪਣੇ ਲੋਕਾਂ ਨੂੰ ਤੇ ਰਾਜ ਭਾਗ ਵੀ ਦਿੱਤਾ।
ਨਿਰਸੰਦੇਹ ਤੂੰ ਲੋਕਾਂ ਦੇ ਦਿਲਾਂ ਵਿਚ ਵੱਸਦਾ ਏਂ ਪਰ ਪਤਾ
ਨਹੀਂ ਕਿਉਂ... ਇਹ ਰਾਜ ਭਾਗ ਵਾਲਿਆਂ ਨੇ ਕਿਉਂ ਕਰ ਲਿਆ
ਤੇਰੇ ਤੋਂ ਕਿਨਾਰਾ... ਸ਼ਾਇਦ ਤੇਰੇ ਸੱਚ ਤੋਂ ਡਰਦੇ ਸਨ। ਤੈਨੂੰ ਨਹੀਂ
ਦਿੱਤਾ ਇਨ੍ਹਾਂ ਸਰਕਾਰਾਂ ਨੇ ਤੇਰਾ ਬਣਦਾ ਸਤਿਕਾਰ। ਪਰ
ਇਕ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ-ਤੂੰ
ਹਿੰਦੁਸਤਾਨ ਦੇ ਲੋਕਾਂ ਦਾ ਮਹਿਬੂਬ ਏਂ। ਤੈਨੂੰ ਸੰਭਾਲ
ਰਖਿਆ ਹੈ ਲੋਕਾਂ ਨੇ ਆਪਣਿਆਂ ਦਿਲਾਂ ਵਿਚ ਤੇ
ਜਦੋਂ ਇਹ ਤਖ਼ਤਾਂ ਵਾਲੇ ਨਹੀਂ ਰਹਿਣਗੇ ਉਦੋਂ ਵੀ
ਰਹੇਗਾ ਤੇਰਾ ਨਾਮ-ਤੇਰਾ ਬਲਿਦਾਨ ! ਤੇ ਤੇਰੀ
ਤੁਲਨਾ ਆਕਾਸ਼ ਵਿਚ ਚਮਕਦੇ ਸੂਰਜ ਨਾਲ ਹੋਇਆ ਕਰੇਗੀ
ਧਰਤੀ ਦੇ ਜਗਦੇ ਬੁਝਦੇ ਦੀਵਿਆਂ ਨਾਲ ਨਹੀਂ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**



# MATRIMONIAL



Suitable match for beautiful girl Height-5'4", DOB-1992, Qualification-B.Tech, Residence-Mohali. Cont-98765-79614

* * * * *

Suitable match for handsome boy Lobana Sikh Turbaned DOB-1991, Height-6'3", settled in Canada, Father is in Gov. Service and sister is Inspector in Punjab Police, required good looking smart girl, well qualified Height not less than 5'6".

Contact-79739-06620, 85281-73141

* * * * *

Suitable match for Saini Sikh Boy D.O.B-4-10-1991, Height-5'11", Education-M.B.A(Finance), Job in M.N.C. at Gurgaon, own house at Mohali and New Delhi, Sallary-8 Lac (per anum). Cont-98109-91977, 88002-16265

* * * * *

Sutable match for Lobana Boy Height-6'5", D.O.B-23-07-1990, Qualification-10th,Working in Kuwait. Contact-99140-52503, 0186-2224013

* * * * *

Suitable match for Lobana Sikh Turbaned boy, DOB-Jan-1989, Height-5'8", Qualification-B.sc, P.G.D.C.A, Msc.IT, Working in Private Sector, Sister settled in U.S.A. Cont-98886-29862

* * * * *

SUITABLE MATCH FOR LOBANA SIKH BOY, (DOB: 20 FEB' 1992) HEIGHT: 5'10" EDUCATION-B.TECH, WORKING AS DEPUTY BRANCH MANAGER IN GOVERNMENT SECTOR, UNION BANK OF INDIA GWALIOR MP (PACKAGE 7.20 LPA), 1 ELDER BROTHER CITIZEN IN CANADA. CONT-8194891234

* * * * *

SUITABLE MATCH FOR LOBANA SIKH BOY, DOB- JULY 1988, HEIGHT 5'8", QUALIFICATION- BSC,I.T WORKING IN MNC AS DEPUTY PLANNING OFFICER AT MOHALI (PB.). CONT NO -99157-82619.

* * * * *

SUITABLE MATCH FOR CANADIAN P.R LOBANA TURBANED SIKH BOY, DOB 16-02-1991, HEIGHT: 5' 9", PRESENTLY WORKING AS SOFTWARE ENGINEER IN CANADA QUALIFICATIONS: B. TECH., M. TECH. (CSE) MNC PREFERRED, FATHER CLASS 1 OFFICER (RETD.). CONT NO – 94175-10226.

* * * * *

MEDICO MATCH FOR LUBANA SIKH GIRL MD PEDIATRICS BORN 1993, HEIGHT 5'6". CONTACT 9814295993

SUITABLE MATCH FOR LOBANA GURSIKH DIVORCE BOY AMERICAN CITIZEN. D.O.B.03/04/1989. HEIGHT 6'-2". QUALIFICATION BECHELOR IN I.T. WORKING IN RAYTHEON CO. CONTACT NO. 001-916-477-9144. 8847205815.

* * * * *

SUITABLE MATCH FOR LOBANA GIRL, DOB 11-12-92, 5'2", B TECH IN ELECTRONICS, PG DIPLOMA FROM CAMBRIAN COLLEGE, CANADA. WORKING AT A SUPERVISORY POSITION IN TORONTO AND PR APPLIED. PREFERRED EDUCATED BOY SETTLED IN CANADA. CONTACT NO. 8168703021, 9671261396.

* * * * *

SUITABLE MATCH FORLUBANA SIKH BOY ...B E, MBA , BORN DEC '1992, 5.11FT, MNC ASSTT MANAGER AT DELHI NCR REQUIRED QUALIFIED ( B TECH, MBA, MCA) GIRL. CONTACT : 09417145424, 8360907886.

* * * * *

SUITABLE MATCH FOR LOBANA GIRL DOB-27-12-1993, HEIGHT: 5’5”, EDUCATION-B.D.S, M.A.S, FROM F.D. UNIVERSITY VANCOUVER, JOB PRESENTLY WORKING IN DENTAL CLINIC IN VANCOUVER,P.R IN CANADA.CONT-94645-41112.

* * * * *

SUITABLE MATCH FOR LOBANA SIKH BOY, DOB-JUNE, 1991, CHANDIGARH, 5’11”, FT, QUALIFICATION-3YEAR DIPLOMA IN MECH. ENGG. FROM-PSBTE (INDIA) AND 2YEAR DIPLOMA AUTOMATIVE IN AUSTRALIA, PRIVATE JOB IN AUSTRALIA,BIG SISTER SETTLED IN AUSTRALIA,CONT-95926-66721.

* * * * *

SUITABLE MATCH FOR LOBANA SIKH BOY, (CANADA PR); DOB-4 JUNE ,1993; EDUCATION- B.COM. (IN INDIA) AND GLOBAL BUSINESS MANAGEMENT (IN CANDA), HEIGHT- 5,7.5”; FATHER- US CITIZEN; MOTHER- HOUSEWIFE; RESIDENCE- IN CHANDIGARH. CONT-9915139715.

* * * * *

SUITABLE MATCH FOR BEAUTIFUL LOBANA GIRL, BORN IN JULY,1985, MBA IN HOTEL MANAGEMENT FROM FRANCE, BA IN BUSINESS MANAGEMENT FROM REPUTED UNIVERSITY IN UK, CURRENTLY IN INDIA. FATHER RETIRED FROM MILITARY ENGINEERING SERVICES, MOTHER IS A HOUSE WIFE.ONE SISTER SETTLED IN UK AND ONE YOUNGER BROTHER. RESIDENCE IN MOHALI, LOOKING FOR A WELL EDUCATED GROOM AND A RESPECTFUL FAMILY, SIMPLE MARRIAGE. CONT-7508190371.

* * * * *

SUITABLE MATCH FOR LOBANA GURSIKH DIVORCE BOY AMERICAN CITIZEN. D.O.B. 03/04/1989. HEIGHT 6'-2". QUALIFICATION BECHELOR IN I.T. WORKING IN RAYTHEON CO. CONTACT NO. 001-916-477-9144, 8847205815.

* * * * *

SUITABLE MATCH FOR ARMY OFFICER (CAPTAIN) LOBANA CLEAN SHAVEN BOY, DOB : 14-03-1993, HT. 5 FT 10 INCH, B.TECH, FATHER- SERVING ARMY OFFICER IN DELHI, MOTHER- EDUCATIONIST AND HOME-MAKER, SISTER (YOUNGER) - BDS, OWN HOUSE IN GURGAON, MOHALI AND LANDED PROPERTY NEAR AMBALA. CONTACT - 9560911001.

* * * * *

SUITABLE MATCH FOR LOBANA GIRL, DOB - 07-11-1994, HT. 5FT 5 INCH , BTECH, WORKED FOR 2 YEARS AND NOW PREPARING FOR GOVT. OPENINGS, FATHER - RETIRED POLICE OFFICER, MOTHER - HOMEMAKER, SISTER (ELDER) - MARRIED AND SETTLES IN

AUSTRALIA, PROPERTY NEAR MUKERIAN. CONTACT-9560911001

* * * * *

**DOCTOR MATCH FOR BEAUTIFUL LABANA SIKH GIRL, BORN JULY 1993, 5'4", MD RADIODIAGNOSIS, SENIOR RESIDENT AT PGI CHANDIGARH, NRI/USA/UK/CANADA ONLY. BOTH PARENTS CLASS-ONE OFFICER , BROTHER ADVOCATE. ALL EDUCATION FROM CHANDIGARH, CASTE NO BAR. CONTACT : 9463743086, 9463743070.**

* * * * *

**PERFECT QUALIFIED MATCH FOR ADVOCATE LABANA SIKH BOY, BORN JUNE 1994, 5'11" CHANDIGARH BASED FAMILY. PARENTS BOTH CLASS-ONE OFFICER, ELDER SISTER DOCTOR AT PGI CHANDIGARH. ALL EDUCATION FROM CHANDIGARH. WORKING/ EMPLOYED PREFERRED. CONTACT : 9463743086, 9463743070.**

* * * * *

**SUITABLE MATCH FOR LABANA SIKH GIRL, JAN-1992, HEIGHT 5'8", B.E (C.S.E) & MBA (FINANCE) FROM PU CHANDIGARH, JOB-INTELLIGENCE OFFICER, POSTED AT HQ MOHALI, MOHALI BASED FAMILY. NRIS EXCUSE. CONTACT : 9988957575, 6280116406.**

* * * * *

**SUITABLE MATCH FOR (GHOTRA) LABANA SIKH BOY, JACKSINDER SINGH AUGUST 1989, HEIGHT 5'6", BBA FROM LONDON, JOB-SELF EMPLOYED, CURRENTLY IN USA (GREEN CARD HOLDER), PREFERENCE LABANA SIKH GIRL WILLING TO SETTLE ABROAD. CONTACT : 9592666721.**

* * * * *

**SUITABLE MATCH, PREFERABLY A SPECIALIST DOCTOR IN USA, FOR AN AMERICAN CITIZEN SOBRE 31 YEARS LOBANA DOCTOR GIRL OF DOCTOR FAMILY, 5'-4", DOING SPECIALITY IN GASTROENTEROLOGY. CASTE NO BAR. CONTACT +91 9417073643.**

* * * * *

**GIRL (MULTANI) BIRTH-1992, HT. 5'5" QUALIFICATIONS MASTERS IN ANIMATION, WORKING AS SENIOR DESIGNER IN AN MNC, PUNE. FATHER COL. S.S. MULTANI, MOTHER NAVNEET MULTANI. SUITABLE MATCH IS REQUIRED, PERFERELY LOBANA BOY. CONTACT : 9225514644.**

* * * * *

**PROFESIONALLY QUALIFIED (B.TECH, MBA, MCA) LUBANA GIRL REQUIRED FOR LUBANA SIKH BOY. BORN DEC '1992, 5.11 FT, BE, MBA, ASSTT MANAGER (MNC), AT NCR N DELHI. EARLY MARRIAGE. CONTACT : 9417145424, 8360907886**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 14-06-2020 ਤੋਂ 30-06-2020

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ, ਮਕਾਨ ਨੰ-390, ਸੈਕਟਰ-16, ਪੰਚਕੂਲਾ | 1000/- | ਆਈ-832 | 14-06-2020 |
| 2. | ਸ. ਅਮਰਜੀਤ ਸਿੰਘ ਘੋਤੜਾ<br>ਸਾਬਕਾ ਜਨਰਲ ਸਕੱਤਰ, ਐੱਚ.ਐਮ. 102, ਫੇਜ-3ਬੀ1, ਮੋਹਾਲੀ। | 2100/- | ਆਈ-833 | 14-06-2020 |
| 3. | ਪੰਡਿਤ ਸ਼੍ਰੀ ਰਾਮ ਕੁਮਾਰ ਅਤੇ ਓਮ ਕੁਮਾਰ | 500/- | ਆਈ-834 | 14-06-2020 |
| 4. | ਸ. ਬਲਵਿੰਦਰ ਸਿੰਘ ਮੁਲਤਾਨੀ,<br>ਸੀਨੀਅਰ ਵਾਇਸ ਪ੍ਰਧਾਨ, ਮਕਾਨ ਨੰ. 541, ਫੇਜ-3ਏ, ਮੋਹਾਲੀ। | 200/- | ਆਈ-835 | 14-06-2020 |
| 5. | ਸ. ਰਵਿੰਦਰ ਸਿੰਘ, (ਸਾਬਕਾ ਸਕੱਤਰ), ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-836 | 14-06-2020 |
| 6. | ਸ. ਅਮਰਜੀਤ ਸਿੰਘ ਘੋਤੜਾ<br>(ਸਾਬਕਾ ਜਨਰਲ ਸਕੱਤਰ), ਐੱਚ.ਐਮ. 102, ਫੇਜ-3ਬੀ1, ਮੋਹਾਲੀ। | 500/- | ਆਈ-837 | 14-06-2020 |
| 7. | ਸ. ਨਰਿੰਦਰ ਸਿੰਘ, ਪੀ.ਈ.ਐੱਸ (ਰਿਟਾ.),<br>ਮਕਾਨ ਨੰ.7113, ਸੈਕਟਰ-125, ਸੰਨੀ ਇੰਨਕਲੇਵ ਮੋਹਾਲੀ। | 500/- | ਆਈ-838 | 14-06-2020 |
| 8. | ਸ. ਸੁਖਪਾਲ ਸਿੰਘ ਜਿੰਮੀ ਅਸਟ੍ਰੇਲੀਆ<br>ਸਪੁਤਰ ਸ. ਨਿਰਮਲ ਸਿੰਘ, (ਮੈਨਟੇਨੈਂਸ ਸਕੱਤਰ), ਮਕਾਨ ਨੰ-2354, ਫੇਜ਼-10, ਮੋਹਾਲੀ। | 250/- | ਆਈ-839 | 14-06-2020 |
| 9. | ਸ. ਜਗੀਰ ਸਿੰਘ ਲਾਲੀਆ, (ਸਾਬਕਾ ਪ੍ਰਧਾਨ), ਮਕਾਨ ਨੰ. 1838, ਫੇਜ-7, ਮੋਹਾਲੀ | 500/- | ਆਈ-840 | 14-06-2020 |
| 10. | ਲੈਕ. ਗੁਲਸ਼ਨ ਕੁਮਾਰ ਸਿੰਘ<br>(ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 200/- | ਆਈ-841 | 14-06-2020 |
| 11. | ਸ. ਨਿਰਮਲ ਸਿੰਘ (ਮੈਨਟੇਨੈਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ। | 200/- | ਆਈ-842 | 14-06-2020 |
| 12. | ਸ. ਹਰਦਿਆਲ ਸਿੰਘ ਘੋਤੜਾ<br>(ਸਾਬਕਾ ਵਿੱਤ ਸਕੱਤਰ), ਮਕਾਨ ਨੰ.11, ਸੰਗਮ ਇੰਨਕਲੇਵ, ਸੈਕਟਰ-48ਸੀ, ਚੰਡੀਗੜ੍ਹ। | 200/- | ਆਈ-843 | 14-06-2020 |
| 13. | ਸ. ਰਾਜਪਾਲ ਸਿੰਘ, (ਸਾਬਕਾ ਰਿਜ਼ਨਲ ਪ੍ਰਧਾਨ), ਐੱਨ.ਏ.ਸੀ-43, ਮਨੀਮਾਜਰਾ, ਚੰਡੀਗੜ੍ਹ। | 500/- | ਆਈ-844 | 14-06-2020 |
| 14. | ਸ. ਅਫਰੀਕ ਸਿੰਘ, 1004,ਟੀ.ਡੀ.ਆਈ. ਸਿਟੀ, ਕੁੰਡਲੀ, ਸੋਨੀਪਤ | 10,000/- | ਆਈ-845 | 21-06-2020 |
| 15. | ਲੈਕ. ਗੁਲਸ਼ਨ ਕੁਮਾਰ ਸਿੰਘ<br>ਵਿੱਤ (ਸਕੱਤਰ), ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 500/- | ਆਈ-846 | 24-06-2020 |
| 16. | ਸ. ਨਰਿੰਦਰ ਸਿੰਘ ਪੀ.ਈ.ਐੱਸ (ਰਿਟਾ.),<br>ਮਕਾਨ ਨੰ.7113, ਸੈਕਟਰ-125, ਸਨੀ ਇੰਨਕਲੇਵ, ਮੋਹਾਲੀ। | 500/- | ਆਈ-847 | 24-06-2020 |
| 17. | ਸ. ਨਿਰਮਲ ਸਿੰਘ (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ਼ 10, ਮੋਹਾਲੀ | 200/- | ਆਈ-848 | 24-06-2020 |

### ਮਿਤੀ- 01-07-2020 ਤੋਂ 31-07-2020
### (ਸਾਵਣ ਮਹੀਨੇ ਦੀ ਸੰਗਰਾਂਦ ਦਾ ਦਾਨ)

| ਲੜੀ ਨੰ. | ਨਾਮ ਤੇ ਪਤਾ | ਰਾਸ਼ੀ | ਰਸੀਦ ਨੰ. | ਮਿਤੀ. |
|---|---|---|---|---|
| 1. | ਮੇਜਰ ਐੱਨ.ਐੱਸ ਮੁਲਤਾਨੀ (ਰਿਟਾ.),<br>ਅਤੇ ਸਰਦਾਰਨੀ ਸਵਰਨਜੀਤ ਕੌਰ (ਪਤਨੀ), ਮਕਾਨ. 1089, ਫੇਜ਼-10, ਮੋਹਾਲੀ। | 1000/- | ਆਈ-849 | 08-07-2020 |
| 2. | ਸਰਦਾਰਨੀ ਹਰਪ੍ਰੀਤ ਕੌਰ ਪੋਲੀਆ<br>(ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-850 | 10-07-2020 |
| 3. | ਇੰਜ: ਕੁਲਬੀਰ ਸਿੰਘ ਸੁਜਲਾਣਾ, (ਜਨਰਲ ਸਕੱਤਰ), ਮਕਾਨ ਨੰ.139, ਸੈਕਟਰ-70, ਮੋਹਾਲ | 1100/- | ਆਈ-851 | 15-07-2020 |
| 4. | ਪੰਡਿਤ ਰਾਮ ਕੁਮਾਰ | 500/- | ਆਈ-852 | 16-07-2020 |
| 5. | ਸ. ਨਿਰਮਲ ਸਿੰਘ (ਮੈਨਟੇਨੈਂਸ ਸਕੱਤਰ), ਮਕਾਨ ਨੰ-2354, ਫੇਜ਼-10, ਮੋਹਾਲੀ | 500/- | ਆਈ-854 | 16-07-2020 |
| 6. | ਸ. ਸੁਖਪਾਲ ਸਿੰਘ ਜਿੰਮੀ ਅਸਟ੍ਰੇਲੀਆ<br>ਸਪੁੱਤਰ ਸ. ਨਿਰਮਲ ਸਿੰਘ, (ਮੈਂਟੀਨੇਸ ਸਕੱਤਰ), ਮਕਾਨ ਨੰ-2354, ਫੇਜ਼-10, ਮੋਹਾਲੀ। | 500/- | ਆਈ-855 | 16-07-2020 |
| 7. | ਇੰਜ. ਹਰਬੰਸ ਸਿੰਘ, (ਸਾਬਕਾ ਜਨਰਲ ਸਕੱਤਰ), ਮਕਾਨ ਨੰ. 2060, ਫੇਜ਼-10, ਮੋਹਾਲੀ | 1000/- | ਆਈ-856 | 16-07-2020 |

| | | | | |
|---|---|---|---|---|
| 8. | ਸ. ਨਰਿੰਦਰ ਸਿੰਘ ਪੀ.ਈ.ਐੱਸ (ਰਿਟਾ.), ਮਕਾਨ ਨੰ. 7113, ਸੈਕਟਰ-125, ਸੰਨੀ ਇੰਨਕਲੈਵ, ਮੋਹਾਲੀ। | 500/- | ਆਈ-857 | 16-07-2020 |
| 9. | ਮੇਜਰ ਐੱਨ.ਐੱਸ. ਮੁਲਤਾਨੀ (ਰਿਟਾ.), ਮਕਾਨ ਨੰ. 1089, ਫੇਜ-10, ਮੋਹਾਲੀ | 500/- | ਆਈ-858 | 16-07-2020 |
| 10. | ਸ. ਜਸਪਾਲ ਸਿੰਘ, ਮਕਾਨ ਨੰ.18, ਏ.ਕੇ.ਐੱਸ ਕਲੌਨੀ ਜ਼ੀਰਕਪੁਰ, ਮੋਹਾਲੀ | 200/- | ਆਈ-859 | 16-07-2020 |
| 11. | ਲੈਕ. ਗੁਲਸ਼ਨ ਕੁਮਾਰ ਸਿੰਘ, (ਵਿੱਤ ਸਕੱਤਰ), ਮਕਾਨ ਨੰ.3405, ਸੈਕਟਰ-40, ਚੰਡੀਗੜ੍ਹ | 500/- | ਆਈ-860 | 16-07-2020 |
| 12. | ਸ. ਜਗੀਰ ਸਿੰਘ ਲਾਲੀਆ, (ਸਾਬਕਾ ਪ੍ਰਧਾਨ), ਮਕਾਨ ਨੰ. 1838, ਫੇਜ-7, ਮੋਹਾਲੀ | 500/- | ਆਈ-861 | 16-07-2020 |
| 13. | ਸ. ਬਲਵਿੰਦਰ ਸਿੰਘ ਮੁਲਤਾਨੀ (ਸੀਨੀਅਰ ਵਾਇਸ ਪ੍ਰਧਾਨ), ਮਕਾਨ ਨੰ-541, ਫੇਜ-3ਏ, ਮੋਹਾਲੀ। | 200/- | ਆਈ-862 | 16-07-2020 |
| 14. | ਸ. ਅਮਰਜੀਤ ਸਿੰਘ ਘੋਤੜਾ (ਸਾਬਕਾ ਜਨਰਲ ਸਕੱਤਰ), ਐੱਚ.ਐਮ.102, ਫੇਜ-3ਬੀ1, ਮੋਹਾਲੀ। | 500/- | ਆਈ-863 | 16-07-2020 |
| 15. | ਸ. ਹਰਦਿਆਲ ਸਿੰਘ ਘੋਤੜਾ (ਸਾਬਕਾ ਵਿੱਤ ਸਕੱਤਰ), ਮਕਾਨ. ਨੰ-11, ਸੰਗਮ ਇੰਨਕਲੇਵ, ਸੈਕਟਰ-48ਏ, ਚੰਡੀਗੜ੍ਹ। | 200/- | ਆਈ-865 | 16-07-2020 |
| 16. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ), ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-866 | 16-07-2020 |
| 17. | ਇੰਜ. ਪਰਮਿੰਦਰਜੀਤ ਸਿੰਘ (ਰਿਜ਼ਨਲ ਪ੍ਰਧਾਨ), ਆਡੀਟਰ ਲੁਬਾਣਾ ਸੇਬਕ | 500/- | ਆਈ-867 | 16-07-2020 |
| 18. | ਸ. ਰਾਜਪਾਲ ਸਿੰਘ, (ਸਾਬਕਾ ਰਿਜ਼ਨਲ ਪ੍ਰਧਾਨ), ਐੱਨ.ਏ.ਸੀ.43, ਮਨੀਮਾਜਰਾ, ਚੰਡੀਗੜ੍ਹ | 500/- | ਆਈ-868 | 16-07-2020 |
| 19. | ਇੰਜ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ), ਮਕਾਨ ਨੰ. 117, ਸੈਕਟਰ-35ਏ,ਚੰਡੀਗੜ੍ਹ | 1100/- | ਆਈ-869 | 17-07-2020 |
| 20. | ਸ. ਗੁਰਪਾਲ ਸਿੰਘ, ਸਾਬਕਾ ਚੇਅਰਮੈਨ, ਬੀ.ਸੀ. (ਅੰਬਾਲਾ) ਪਿੰਡ ਤੇ ਡਾਕਘਰ-ਅਕਬਰਪੁਰ, ਨਰਾਇਣਗੜ੍ਹ, ਅੰਬਾਲਾ। | 500/- | ਆਈ-870 | 29-07-2020 |

## ਮਿਤੀ- 01-08-2020 ਤੋਂ 31-08-2020
## (ਭਾਦੋਂ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 21. | ਪੰਡਿਤ ਸ਼੍ਰੀ ਰਾਮ ਕੁਮਾਰ | 500/- | ਆਈ-871 | 16-08-2020 |
| 22. | ਸਰਦਾਰਨੀ ਹਰਪ੍ਰੀਤ ਕੋਰ ਪੇਲੀਆ (ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-872 | 16-08-2020 |
| 24. | ਸ. ਨਰਿੰਦਰ ਸਿੰਘ ਪੀ.ਈ.ਐੱਸ. (ਰਿਟਾ.), ਮਕਾਨ ਨੰ. 7113, ਸੈਕਟਰ-125, ਸੰਨੀ ਇੰਨਕਲੇਵ, ਮੋਹਾਲੀ। | 500/- | ਆਈ-873 | 16-08-2020 |
| 25. | ਇੰਜ. ਹਰਬੰਸ ਸਿੰਘ (ਸਾਬਕਾ ਜਨਰਲ ਸਕੱਤਰ, ਚੰਡੀਗੜ੍ਹ), ਮਕਾਨ ਨੰ. 2060, ਫੇਜ-10, ਮੋਹਾਲੀ। | 1100/- | ਆਈ-874 | 16-08-2020 |
| 26. | ਇੰਜ. ਕੁਲਬੀਰ ਸਿੰਘ ਸੁਜਲਾਣਾ, (ਜਨਰਲ ਸਕੱਤਰ), ਮਕਾਨ ਨੰ. 139, ਸੈਕਟਰ-70, ਮੋਹਾਲੀ | 1100/- | ਆਈ-875 | 16-08-2020 |
| 27. | ਇੰਜ. ਗੁਰਚਰਨ ਸਿੰਘ, (ਸਾਬਕਾ ਪ੍ਰਧਾਨ), ਮਕਾਨ ਨੰ. 117, ਸੈਕਟਰ-35ਏ, ਚੰਡੀਗੜ੍ਹ | 500/- | ਆਈ-876 | 16-08-2020 |
| 28. | ਸ. ਨਿਰਮਲ ਸਿੰਘ, (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ | 500/- | ਆਈ-877 | 16-08-2020 |
| 29. | ਲੈਕ. ਗੁਲਸ਼ਨ ਕੁਮਾਰ ਸਿੰਘ, (ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 500/- | ਆਈ-878 | 16-08-2020 |
| 30. | ਸ. ਬਲਵਿੰਦਰ ਸਿੰਘ ਮੁਲਤਾਨੀ, (ਸੀਨੀ. ਵਾ. ਪ੍ਰਧਾਨ), ਮਕਾਨ ਨੰ-541, ਫੇਜ-3ਏ, ਮੋਹਾਲੀ | 200/- | ਆਈ-879 | 16-08-2020 |
| 31. | ਸ. ਜਗੀਰ ਸਿੰਘ ਲਾਲੀਆ, (ਸਾਬਕਾ ਪ੍ਰਧਾਨ), ਮਕਾਨ ਨੰ. 1838, ਫੇਜ-7, ਮੋਹਾਲੀ | 500/- | ਆਈ-880 | 16-08-2020 |
| 32. | ਸ. ਰਜਿੰਦਰਪਾਲ ਸਿੰਘ, ਸੈਕਟਰ-38,ਚੰਡੀਗੜ੍ਹ | 200/- | ਆਈ-881 | 16-08-2020 |
| 33. | ਸ. ਅਮਰਜੀਤ ਸਿੰਘ ਘੋਤੜਾ, (ਸਾਬਕਾ ਜਨ. ਸਕੱਤਰ), ਐੱਚ.ਐਮ.102, ਫੇਜ-3ਬੀ1, ਮੋਹਾਲੀ | 500/- | ਆਈ-882 | 16-08-2020 |
| 34. | ਸ. ਰਾਜਪਾਲ ਸਿੰਘ, (ਸਾਬਕਾ ਰਿਜ਼ਨਲ ਪ੍ਰਧਾਨ), ਐੱਨ.ਏ.ਸੀ-43, ਮਨੀਮਾਜਰਾ, ਚੰਡੀਗੜ੍ਹ | 500/- | ਆਈ-883 | 16-08-2020 |
| 35. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ), ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-884 | 16-08-2020 |
| 36. | ਸ. ਨਿਰਮਲ ਸਿੰਘ, (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ | 5,000/- | ਆਈ-885 | 22-08-2020 |
| 37. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 5,000/- | ਆਈ-886 | 22-08-2020 |

## ਮਿਤੀ-06-09-2020 ਤੋਂ 30-09-2020
## (ਅੱਸੂ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 38. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 11,00/- | ਆਈ-888 | 08-09-2020 |
| 39. | ਸ. ਬਲਵਿੰਦਰ ਸਿੰਘ ਮੁਲਤਾਨੀ, (ਸੀਨੀਅਰ ਵਾ. ਪ੍ਰਧਾਨ), ਮਕਾਨ ਨੰ. 541, ਫੇਜ-3ਏ, ਮੋਹਾਲੀ | 41,00/- | ਆਈ-889 | 10-09-2020 |

| | | | | |
|---|---|---|---|---|
| 40. | ਪੰਡਿਤ ਰਾਮ ਕੁਮਾਰ | 505/- | ਆਈ-890 | 16-09-2020 |
| 41. | ਇੰਜ: ਕੁਲਬੀਰ ਸਿੰਘ ਸੁਜਲਾਣਾ, (ਜਨਰਲ ਸਕੱਤਰ), ਮਕਾਨ ਨੰ.139, ਸੈਕਟਰ-70, ਮੋਹਾਲੀ | 1100/- | ਆਈ-891 | 16-09-2020 |
| 42. | ਸ. ਅਮਰਜੀਤ ਸਿੰਘ ਘੋਤੜਾ, (ਸਾਬਕਾ ਜਨ. ਸਕੱਤਰ), ਐੱਚ.ਐਮ. 102, ਫੇਜ-3ਬੀ1, ਮੋਹਾਲੀ | 500/- | ਆਈ-892 | 16-09-2020 |
| 43. | ਸ. ਹਰਦਿਆਲ ਸਿੰਘ ਘੋਤੜਾ (ਸਾਬਕਾ ਵਿੱਤ ਸਕੱਤਰ), ਮਕਾਨ ਨੰ.11, ਸੰਗਮ ਇੰਨਕਲੇਵ, ਸੈਕਟਰ-48ਸੀ, ਚੰਡੀਗੜ੍ਹ। | 200/- | ਆਈ-893 | 16-09-2020 |
| 44. | ਸ. ਰਜਿੰਦਰਪਾਲ ਸਿੰਘ, ਸੈਕਟਰ-38,ਚੰਡੀਗੜ੍ਹ | 200/- | ਆਈ-894 | 16-09-2020 |
| 45. | ਸ. ਬਲਵਿੰਦਰ ਸਿੰਘ ਮੁਲਤਾਨੀ, (ਸੀਨੀਅਰ ਵਾ. ਪ੍ਰਧਾਨ), ਮਕਾਨ ਨੰ. 541, ਫੇਜ-3ਏ, ਮੋਹਾਲੀ | 5,00/- | ਆਈ-895 | 16-09-2020 |
| 46. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ), ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-896 | 16-09-2020 |
| 47. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 500/- | ਆਈ-897 | 16-09-2020 |
| 48. | ਸ. ਨਿਰਮਲ ਸਿੰਘ (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ | 200/- | ਆਈ-898 | 16-09-2020 |
| 49. | ਸ. ਜਗੀਰ ਸਿੰਘ ਲਾਲੀਆ (ਸਾਬਕਾ ਪ੍ਰਧਾਨ), ਮਕਾਨ ਨੰ. 1838, ਫੇਜ-7, ਮੋਹਾਲੀ | 500/- | ਆਈ-899 | 16-09-2020 |
| 50. | ਸ. ਚਰਨਜੀਤ ਸਿੰਘ, ਐੱਚ.ਐੱਲ-600, ਫੇਜ-9, ਮੋਹਾਲੀ | 200/- | ਆਈ-900 | 16-09-2020 |
| 51. | ਸਰਦਾਰਨੀ ਜਸਵੰਤ ਕੌਰ, ਕੋਠੀ ਨੰ. 1234, ਫੇਜ-10, ਮੋਹਾਲੀ | 1100/- | ਆਈ-951 | 16-09-2020 |
| 52. | ਸ. ਗਿਆਨ ਸਿੰਘ ਮੁਲਤਾਨੀ, ਸਾਬਕਾ ਸੀਨੀ. ਵਾਇਸ ਪ੍ਰਧਾਨ ਮਕਾਨ. 42, ਸੈਕਟਰ-16ਏ, ਚੰਡੀਗੜ੍ਹ। | 2100/- | ਆਈ-952 | 20-09-2020 |
| 53. | ਸ. ਨਿਰਮਲ ਸਿੰਘ ਪੁੱਤਰ ਸ. ਰਵੈਲ ਸਿੰਘ ਪਿੰਡ-ਫਿਰੋਜ ਸੰਗੋਵਾਲ, ਡਾਕਘਰ-ਬੇਗੋਵਾਲ, ਕਪੂਰਥਲਾ। | 11,000/- | ਆਈ-954 | 27-09-2020 |
| 54. | ਐਡਵੋਕੇਟ ਅਮਰਜੀਤ ਸਿੰਘ ਪੁੱਤਰ ਲੇਟ ਸ. ਹਰਬੰਸ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਯਾਦ ਵਿੱਚ ਦਾਨ ਦਿੱਤਾ, ਪਿੰਡ-ਗਦੋਲਾ, ਜਮਨਾਨਗਰ, ਹਰਿਆਣਾ। | 5000/- | ਆਈ-956 | 29-09-2020 |

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਗੁਰੂ ਲਾਧੋ-ਰੇ ਦਿਵਸ ਤੇ ਮਾਇਆ ਦੇਣ ਵਾਲੇ ਦਾਨੀ ਸੱਜਣਾ ਦੀ ਸੂਚੀ

## ਮਿਤੀ-05-10-2020 ਤੋਂ 07-10-2020

| | | | | |
|---|---|---|---|---|
| 55. | ਸ. ਨਰਿੰਦਰ ਸਿੰਘ ਪੀ.ਈ.ਐੱਸ. (ਰਿਟਾ.), ਮਕਾਨ ਨੰ. 7113, ਸੈਕਟਰ-125, ਸੰਨੀ ਇੰਨਕਲੇਵ ਮੋਹਾਲੀ। | 500/- | ਆਈ-957 | 05-10-2020 |
| 56. | ਸ. ਕਸ਼ਮੀਰ ਸਿੰਘ, ਮਕਾਨ ਨੰ.179, ਮਕਸੂਦਾਂ, ਜਲੰਧਰ | 500/- | ਆਈ-958 | 05-10-2020 |
| 57. | ਕਰਨਲ ਜੇ.ਐੱਸ. ਮੁਲਤਾਨੀ, ਮਕਾਨ ਨੰ.114, ਸੈਕਟਰ-33ਏ, ਚੰਡੀਗੜ੍ਹ | 500/- | ਆਈ-959 | 05-10-2020 |
| 58. | ਪੰਡਿਤ ਸ਼੍ਰੀ ਰਾਮ ਕੁਮਾਰ | 1100/- | ਆਈ-962 | 07-10-2020 |
| 59. | ਇੰਜ.ਗੁਰਚਰਨ ਸਿੰਘ (ਸਾਬਕਾ ਪ੍ਰਧਾਨ), ਮਕਾਨ ਨੰ.117, ਸੈਕਟਰ-35ਏ, ਚੰਡੀਗੜ੍ਹ | 1100/- | ਆਈ-963 | 07-10-2020 |
| 60. | ਸ. ਅਮਰਜੀਤ ਸਿੰਘ ਘੋਤੜਾ, (ਸਾਬਕਾ ਜਨ. ਸਕੱਤਰ), ਐੱਚ.ਐਮ. 102, ਫੇਜ-3ਬੀ1, ਮੋਹਾਲੀ | 500/- | ਆਈ-964 | 07-10-2020 |
| 61. | ਇੰਜ: ਕੁਲਬੀਰ ਸਿੰਘ ਸੁਜਲਾਣਾ, (ਜਨਰਲ ਸਕੱਤਰ), ਮਕਾਨ ਨੰ.139, ਸੈਕਟਰ-70, ਮੋਹਾਲੀ | 1100/- | ਆਈ-965 | 07-10-2020 |
| 62. | ਇੰਜ. ਹਰਬੰਸ ਸਿੰਘ, (ਸਾਬਕਾ ਜਨਰਲ ਸਕੱਤਰ), ਮਕਾਨ ਨੰ. 2060, ਫੇਜ਼-10, ਮੋਹਾਲੀ | 500/- | ਆਈ-966 | 07-10-2020 |
| 63. | ਸ. ਹਰਭਜਨ ਸਿੰਘ ਡੀ.ਆਈ.ਜੀ.ਪੀ. (ਰਿਟਾ.), ਸੈਕਟਰ 66ਏ, ਮੋਹਾਲੀ | 1100/- | ਆਈ-967 | 07-10-2020 |
| 64. | ਸ. ਭਗਤ ਸਿੰਘ ਆਈ.ਏ.ਐੱਸ. (ਰਿਟਾ.), 795, ਸੈਕਟਰ-7, ਮੋਹਾਲੀ | 7,000/- | ਆਈ-968 | 07-10-2020 |
| 65. | ਸ. ਜਗੀਰ ਸਿੰਘ ਲਾਲੀਆ (ਸਾਬਕਾ ਪ੍ਰਧਾਨ), ਮਕਾਨ ਨੰ.1838, ਫੇਜ-7, ਮੋਹਾਲੀ | 500/- | ਆਈ-969 | 07-10-2020 |
| 66. | ਸੂਬੇਦਾਰ ਮੇਜਰ ਜਸਪਾਲ ਸਿੰਘ, ਜ਼ੀਰਕਪੁਰ, ਮੋਹਾਲੀ | 200/- | ਆਈ-970 | 07-10-2020 |
| 67. | ਸ. ਦਰਸ਼ਨ ਸਿੰਘ ਪੁੱਤਰ ਸ. ਸੁਰਿੰਦਰ ਸਿੰਘ, ਮਕਾਨ ਨੰ. 1204, 22ਬੀ, ਚੰਡੀਗੜ੍ਹ | 200/- | ਆਈ-971 | 07-10-2020 |
| 68. | ਸ. ਬਲਵਿੰਦਰ ਸਿੰਘ ਮੁਲਤਾਨੀ, (ਸੀਨੀਅਰ ਵਾ. ਪ੍ਰਧਾਨ), ਮਕਾਨ ਨੰ.541, ਫੇਜ-3ਏ, ਮੋਹਾਲੀ | 500/- | ਆਈ-972 | 07-10-2020 |
| 69. | ਸ. ਰਾਜਪਾਲ ਸਿੰਘ, (ਸਾਬਕਾ ਰਿਜ਼ਨਲ ਪ੍ਰਧਾਨ), ਐੱਨ.ਏ.ਸੀ-43, ਮਨੀਮਾਜਰਾ, ਚੰਡੀਗੜ੍ਹ | 500/- | ਆਈ-973 | 07-10-2020 |
| 70. | ਕਰਨਲ ਗੁਰਦੀਪ ਸਿੰਘ, ਮਕਾਨ ਨੰ. 62, ਸੈਕਟਰ-71, ਮੋਹਾਲੀ | 500/- | ਆਈ-74 | 07-10-2020 |
| 71. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 500/- | ਆਈ-975 | 07-10-2020 |
| 72. | ਸ. ਨਿਰਮਲ ਸਿੰਘ (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ | 200/- | ਆਈ-976 | 07-10-2020 |

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾ ਦੀ ਸੂਚੀ

## ਮਿਤੀ-17-10-2020 ਤੋਂ 19-10-2020

## (ਕੱਤਕ ਮਹੀਨੇ ਦੀ ਸੰਗਰਾਂਦ ਦਾ ਦਾਨ)

| | | | | |
|---|---|---|---|---|
| 73. | ਮੇਜਰ ਐੱਨ.ਐੱਸ. ਮੁਲਤਾਨੀ (ਰਿਟਾ.), ਮਕਾਨ. 1089, ਫੇਜ਼-10, ਮੋਹਾਲੀ | 1500/- | ਆਈ-977 | 17-10-2020 |
| 74. | ਲੈਕ. ਗੁਲਸ਼ਨ ਕੁਮਾਰ ਸਿੰਘ (ਵਿੱਤ ਸਕੱਤਰ), ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ | 200/- | ਆਈ-978 | 17-10-2020 |

| | | | | |
|---|---|---|---|---|
| 75. | ਸ. ਰਵਿੰਦਰ ਸਿੰਘ (ਸਾਬਕਾ ਸਕੱਤਰ), ਮਕਾਨ ਨੰ-2092, ਸੈਕਟਰ-45-ਸੀ, ਚੰਡੀਗੜ੍ਹ | 200/- | ਆਈ-979 | 17-10-2020 |
| 76. | ਸ. ਨਿਰਮਲ ਸਿੰਘ (ਮੈਨਟੇਨੈਂਸ ਸਕੱਤਰ), ਮਕਾਨ ਨੰ. 2354, ਫੇਜ 10, ਮੋਹਾਲੀ | 200/- | ਆਈ-980 | 17-10-2020 |
| 77. | ਸ. ਰਜਿੰਦਰਪਾਲ ਸਿੰਘ, ਸੈਕਟਰ-38, ਚੰਡੀਗੜ੍ਹ | 200/- | ਆਈ-981 | 17-10-2020 |
| 78. | ਪੰਡਿਤ ਸ਼੍ਰੀ ਰਾਮ ਕੁਮਾਰ ਅਤੇ ਓਮ ਕੁਮਾਰ | 500/- | ਆਈ-982 | 17-10-2020 |
| 79. | ਇੰਜ. ਹਰਬੰਸ ਸਿੰਘ, (ਸਾਬਕਾ ਜਨਰਲ ਸਕੱਤਰ), ਮਕਾਨ ਨੰ. 2060, ਫੇਜ਼-10, ਮੋਹਾਲੀ | 500/- | ਆਈ-983 | 17-10-2020 |
| 80. | ਇੰਜ. ਗੁਰਚਰਨ ਸਿੰਘ (ਸਾਬਕਾ ਪ੍ਰਧਾਨ), ਮਕਾਨ ਨੰ. 117, ਸੈਕਟਰ-35ਏ, ਚੰਡੀਗੜ੍ਹ | 500/- | ਆਈ-984 | 17-10-2020 |
| 81. | ਇੰਜ. ਹਰਦੇਵ ਸਿੰਘ, ਮਕਾਨ.ਨੰ.1747, ਫੇਜ-7, ਮੋਹਾਲੀ | 200/- | ਆਈ-985 | 17-10-2020 |
| 82. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ (ਸਾਬਕਾ ਜਨਰਲ ਸਕੱਤਰ), ਮਕਾਨ ਨੰ-2218, ਸੈਕਟਰ-38ਸੀ, ਚੰਡੀਗੜ੍ਹ। | 1100/- | ਆਈ-886 | 17-10-2020 |
| 83. | ਸ. ਇੰਦਰਜੀਤ ਸਿੰਘ ਭਗਤਾਣਾ, ਮਕਾਨ.1759, ਸੈਕਟਰ-43, ਚੰਡੀਗੜ੍ਹ | 200/- | ਆਈ-887 | 17-10-2020 |
| 84. | ਸ. ਜਗਮੋਹਨ ਸਿੰਘ, ਸਾਬਕਾ ਵਿੱਤ ਸਕੱਤਰ, ਮਕਾਨ ਨੰ-390, ਸੈਕਟਰ-16, ਪੰਚਕੂਲਾ | 5000/- | ਆਈ-888 | 19-10-2020 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।


ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030

ਫੋਨ ਨੰ.-0172-2657340, **E-mail : lobanafoundation@gmail.com**


ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ



**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਲੰਗਰ ਦੀ ਸੇਵਾ (ਕੋਵਿਡ-19)



ਸ. ਨਿਰਮਲ ਸਿੰਘ ਜੀ ਸਾਬਕਾ ਮੈਨਟੇਨੈਂਸ ਸਕੱਤਰ ਅਤੇ ਉਹਨਾਂ ਦੇ ਸਪੁੱਤਰ ਸੁਖਪਾਲ ਜਿੰਮੀ (ਅਸਟ੍ਰੇਲੀਆ) ਬੇਟੀ ਨੈਂਨਾ (ਅਮਰੀਕਾ) ਵੱਲੋਂ ਭਵਨ ਦੇ ਸਾਰੇ ਸਟਾਫ ਮੈਂਬਰਾਂ ਅਤੇ 200 ਲੋਕਾਂ ਦਾ ਖਾਣਾ ਹਰ ਰੋਜ਼ ਤਿਆਰ ਕਰਵਾ ਕੇ ਪਿੰਡ ਮੌਲੀ ਜਾਂਗਰਾ (ਚੰਡੀਗੜ੍ਹ) ਵਿਚ ਭੇਜਿਆ ਜਾਂਦਾ ਸੀ। ਇਹ ਸੇਵਾ ਲਗਾਤਾਰ ਸੱਤ ਦਿਨਾਂ ਤੱਕ ਚਲਦੀ ਰਹੀ।





# Reception of Nagar Kirtan on the eve of 551th Parkash Purav of Shri Guru Nanak Dev Ji on 28.11.2020 at BMSLF, Chandigarh









Occasion of Maghar Month Sangrand at Guru Ghar BMSL Foundation (Regd.) Chandigarh



Meeting of Adhoc Committee being held on 20-09-2020 which had to be postponed due to misconduct by S. Jagir Singh Lalia Ex. President



Meeting of Adhoc Committee being held on 27-09-2020



Meeting of Adhoc Committee being held on 21-11-2020

Regd No. 32212/78

Postal No.-- G/CHD/0111/2018-2020

## S. Pritam Singh Naurangpur, Er. Kulbir Singh Sujlana, Lect. Gulshan Kumar Singh assuming Charge as President, General Secretary & Finance Secretary respectively along with other members of management









## PRESENT AD-HOC COMMITTEE OF B.M.S.L.F (REGD.), CHANDIGARH



**S. Pritam Singh**
**Naurangpur (President)**
**Ex. President N.R.I. Sabha (Pb.)**



**Er. Harbhajan SINGH**
Dy. Chief Engineer (Retd.)
(Member)



**Er. Gurcharan Singh**
**ARO (Retd.)**
**(Member)**



**Er. Kulbir Singh Sujlana,**
**S.E. (Retd.)**
**(General Secretary)**



S. Gulshan Kumar Singh
Lect. (Retd.)
(Finance Secretary)



**Maj. N.S. Multani**
**(Retd.)**
**(Member)**